ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ

JAN 1977

ੴ ਸਤਿਗੁਰ ਪ੍ਰਸਾਦਿ॥

ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ॥
ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ ॥

## ਗੁਰੂ ਕਾ ਨਿਵਾਸ ਸ਼ਬਦ ਵਿਚ ਹੈ

ਜਨਵਰੀ ੧੯੭੭

ਜਿਨਾ ਸਤਿਗੁਰੁ ਪੁਰਖੁ ਨ ਸੇਵਿਓ ਸਬਦਿ ਨ ਕੀਤੋ ਵੀਚਾਰੁ ॥
ਓਇ ਮਾਣਸ ਜੂਨਿ ਨ ਆਖੀਅਨਿ ਪਸੂ ਢੋਰ ਗਾਵਾਰ ॥ ........ ੪੨॥

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ

| | | |
|---|---|---|
| ਕਲਿਜੁਗ ਕੀ ਸੁਣ ਸਾਧਨਾ<br>(ਇਕ ਸ਼ਬਦ ਦੀ ਵਿਆਖਿਆ "ਗੁਰਮਤਿ ਕਰਮ ਫ਼ਿਲਾਸਫ਼ੀ ਪੁਸਤਕ ਵਿਚੋਂ") | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ | ਸ: ਪਸ਼ੌਰਾ ਸਿੰਘ ਜੀ | ੮ |
| ਨਕਲੀ ਨਿਰੰਕਾਰੀ ਮਸਲਾ ਮੱਧਮ ਨਹੀਂ, ਗੰਭੀਰ ਹੋਇਆ ਹੈ | ਗਿਆਨੀ ਗੁਰਦਿਤ ਸਿੰਘ ਜੀ | ੧੭ |
| ਮਿੱਠੇ ਚਰਨ ਗੁਰੂ ਜੀ ਦੇ (ਕਵਿਤਾ) | ਗਿ: ਦੇਵਿਦਰ ਸਿੰਘ ਜੀ ਰਾਜ਼ | ੧੯ |
| ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਸਾਡੇ ਗੁਰੂ ਹਨ—ਕਿਵੇਂ ? | ਗਿ: ਜਗਜੀਤ ਸਿੰਘ ਜੀ<br>ਗਿ: ਹਰਭਜਨ ਸਿੰਘ ਜੀ | ੨੦ |
| ਬੱਚਿਆਂ ਦੇ ਗੁਰਸਿੱਖੀ ਜੀਵਨ ਲਈ ਸਾਡਾ ਫਰਜ਼ | ਗਿ: ਗੋਪਾਲ ਸਿੰਘ ਜੀ ਮਿਤਰ | ੨੬ |
| ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ (ਕਵਿਤਾ) | ,, ,, ,, | ੨੭ |
| ਨਕਲੀ ਬਾਬੇ ਦੀਆਂ ਕਲਾ-ਬਾਜ਼ੀਆਂ | ਪ੍ਰੋ: ਗੁਰਬਖਸ਼ ਸਿੰਘ ਜੀ | ੨੮ |
| ਨਿਰੰਕਾਰੀ : ਧਰਮਾ ਦੇ ਵਿਰੋਧੀ ਤੇ ਵੈਰੀ | ਡਾ: ਐਮ. ਈ. ਅਰਸ਼ਦ | ੨੯ |
| ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੯) | ਭਾਈ ਜੋਗਿੰਦਰ ਸਿੰਘ ਜੀ | ੩੩ |
| ਪੋਥੀ ਕੀਰਤਨ | ਜਥੇਦਾਰ ਰਾਮ ਸਿੰਘ ਜੀ | ੩੮ |
| ਗੁਰਮਤਿ ਪਰਚਾਰ | ,, ,, ,, | ੪੦ |
| ਪਾੜ ਕੇ ਬਿਦਾਵਿਆਂ ਨੂੰ ਗਲ ਲਾਏਂ ਵਿਛੜਿਆਂ ਨੂੰ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੪੧ |
| ਸਿੱਖੀ ਦਾ ਬੂਟਾ (ਕਵਿਤਾ) | ਸ: ਪਿਆਰਾ ਸਿੰਘ ਜੀ ਨਿਰਛਲ | ੪੧ |

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਉਤਸ਼ਵ ਦਿਵਸ ੪ ਜਨਵਰੀ*

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸਬਦੁ ਗੁਰ ਪੀਰਾ | ੦-੪੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ | ਉਮਰ ਕੈਦੀ ਦਾ ਸੁਪਨਾ | ੦-੫੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਬਾਣੀ ਦੀ ਪਾਰਸ-ਕਲਾ | ੦-੪੦ | ਅੰਮ੍ਰਿਤ ਕਲਾ | ੦-੫੦ |
| ਚਰਨ ਕਮਲ ਕੀ ਮਉਜ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੦-੫੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੨੫ | ਸੱਚੀਆਂ ਦਾੜ੍ਹੀਆਂ | ੦-੩੦ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ | ਸਿਖ ਕੌਣ ਹੈ ? | ੦-੩੦ |
| ਵਾਹਿਗੁਰੂ ਸਿਮਰਨ | ੦-੩੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਤਿਮਰ ਅਗਿਆਨ ਤੋਂ ਚਾਨਣਾ | ੦-੨੫ | ਸਚਖੰਡ ਦਰਸ਼ਨ | ੧-੫੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | ੧-੦੦ | ਗੁਰਮਤਿ ਰਮਜ਼ਾਂ | ੧-੩੦ |

ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧. ੧. ੭੯ ਨੂੰ ਪ੍ਰਕਾਸ਼ਤ ਕੀਤਾ ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ਓ ਵਾਹਿਗੁਰੂ ਜੀ ਕੀ ਫਤਹਿ ॥

# ਸੂਰਾ

ਮਾਸਕ ਪਤ੍ਰ

ਅੰਮ੍ਰਿਤਸਰ

| | |
|---|---|
| ਸਾਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |

ਪਰਦੇਸ

| | |
|---|---|
| ਸਮੁੰਦਰੀ ਡਾਕ | ੧੮-੫੦ |

ਹਵਾਈ ਡਾਕ

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ., ਅਫ਼ਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਸਰਬ ਹਿੰਦ ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ ਜਨਵਰੀ ੧੯੭੯ ਅੰਕ ੧

## ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤ ਕੀ ਚਲੈ ਨ ਕਾਈ

[ਭਾਈ ਗੁਰਦਾਸ ਜੀ, ਵਾਰ ੧, ਪਉੜੀ ੧੯

[ ਵਿਆਖਿਆਕਾਰ—ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਰਾਮਕਲੀ ਮਹਲਾ ੫ [ਪੰਨਾ ੯੧੩-੧੪]

ਕਾਹੂ ਬਿਹਾਵੈ ਰੰਗ ਰਸ ਰੂਪ ॥ ਕਾਹੂ ਬਿਹਾਵੈ ਮਾਇ ਬਾਪ ਪੂਤ ॥
ਕਾਹੂ ਬਿਹਾਵੈ ਰਾਜ ਮਿਲਖ ਵਾਪਾਰਾ ॥ ਸੰਤ ਬਿਹਾਵੈ ਹਰਿ ਨਾਮ ਅਧਾਰਾ ॥੧॥
ਰਚਨਾ ਸਾਚੁ ਬਨੀ ॥ ਸਭ ਕਾ ਏਕੁ ਧਨੀ ॥੧॥ਰਹਾਉ॥
ਕਾਹੂ ਬਿਹਾਵੈ ਬੇਦ ਅਰੁ ਬਾਦਿ ॥ ਕਾਹੂ ਬਿਹਾਵੈ ਰਸਨਾ ਸਾਦਿ ॥
ਕਾਹੂ ਬਿਹਾਵੈ ਲਪਟਿ ਸੰਗਿ ਨਾਰੀ ॥ ਸੰਤ ਰਚੇ ਕੇਵਲ ਨਾਮ ਮੁਰਾਰੀ ॥੨॥
ਕਾਹੂ ਬਿਹਾਵੈ ਖੇਲਤ ਜੂਆ ॥ ਕਾਹੂ ਬਿਹਾਵੈ ਅਮਲੀ ਹੂਆ ॥
ਕਾਹੂ ਬਿਹਾਵੈ ਪਰ ਦਰਬ ਚੋੁਰਾਏ ॥ ਹਰਿ ਜਨ ਬਿਹਾਵੈ ਨਾਮ ਧਿਆਏ ॥੩॥
ਕਾਹੂ ਬਿਹਾਵੈ ਜੋਗ ਤਪ ਪੂਜਾ ॥ ਕਾਹੂ ਰੋਗ ਸੋਗ ਭਰਮੀਜਾ ॥
ਕਾਹੂ ਪਵਨ ਧਾਰ ਜਾਤ ਬਿਹਾਏ ॥ ਸੰਤ ਬਿਹਾਵੈ ਕੀਰਤਨੁ ਗਾਏ ॥੪॥



www.AKJ.Org

ਕਾਹੂ ਬਿਹਾਵੈ ਦਿਨੁ ਰੈਨਿ ਚਾਲਤ ॥ ਕਾਹੂ ਬਿਹਾਵੈ ਸੋ ਪਿੜੁ ਮਾਲਤ ॥
ਕਾਹੂ ਬਿਹਾਵੈ ਬਾਲ ਪੜਾਵਤ ॥ ਸੰਤ ਬਿਹਾਵੈ ਹਰਿ ਜਸੁ ਗਾਵਤ ॥੫॥
ਕਾਹੂ ਬਿਹਾਵੈ ਨਟ ਨਾਟਿਕ ਨਿਰਤੇ ॥ ਕਾਹੂ ਬਿਹਾਵੈ ਜੀਆਇਹ ਹਿਰਤੇ ॥
ਕਾਹੂ ਬਿਹਾਵੈ ਰਾਜ ਮਹਿ ਡਰਤੇ ॥ ਸੰਤ ਬਿਹਾਵੈ ਹਰਿ ਜਸੁ ਕਰਤੇ ॥੬॥
ਕਾਹੂ ਬਿਹਾਵੈ ਮਤਾ ਮਸੂਰਤਿ ॥ ਕਾਹੂ ਬਿਹਾਵੈ ਸੇਵਾ ਜਰੂਰਤਿ ॥
ਕਾਹੂ ਬਿਹਾਵੈ ਸੋਧਤ ਜੀਵਤ ॥ ਸੰਤ ਬਿਹਾਵੈ ਹਰਿ ਰਸੁ ਪੀਵਤ ॥੭॥
ਜਿਤੁ ਕੋ ਲਾਇਆ ਤਿਤ ਹੀ ਲਗਾਨਾ ॥ ਨਾ ਕੋ ਮੂੜੁ ਨਹੀ ਕੋ ਸਿਆਨਾ ॥
ਕਰਿ ਕਿਰਪਾ ਜਿਸੁ ਦੇਵੈ ਨਾਉ ॥ ਨਾਨਕ ਤਾ ਕੈ ਬਲਿ ਬਲਿ ਜਾਉ ॥੮॥੩॥

ਵਿਆਖਿਆ :—ਬਹੁਤਿਆਂ ਦੀ ਸਾਰੀ ਉਮਰ ਦ੍ਰਿਸ਼ਟਮਾਨ ਮਾਇਆ ਦੇ ਰੰਗਾਂ ਰਸਾਂ ਰੂਪਾਂ ਦੇ ਮਾਨਣ ਵਿਚ ਹੀ ਵਿਹਾ ਜਾਂਦੀ ਹੈ। ਉਹਨਾਂ ਦੀਆਂ ਅੱਖੀਆਂ ਦੁਨੀਆ ਦੇ ਰੰਗ ਤਮਾਸ਼ੇ ਦੇਖਣ ਵਿਚ ਹੀ ਦੱਝੀਆਂ ਰੁਝੀਆਂ ਰਹਿੰਦੀਆਂ ਹਨ। ਨਿਤ ਨਿਤ ਭੈੜੇ ਅਵੈੜੇ ਰੰਗ-ਕੁਰੰਗੀਆਂ ਤਮਾਸ਼ਿਆਂ ਦੇ ਅਖਾੜੇ ਦੇਖਦੇ ਹਨ। ਸਾਰੀ ਉਮਰ ਦੇਖਿ ਦੇਖਿ ਹੰਢੀ ਜਾਂਦੇ ਹਨ। ਪਰ ਇਹਨਾਂ ਕੂੜਾਵੇ ਕਚ-ਰੰਗਾਂ ਦੇ ਦੇਖਣ ਦਾ ਭੁਸ ਉਨ੍ਹਾਂ ਦਾ ਮਿਟਦਾ ਨਹੀਂ। ਇਸ ਤਰ੍ਹਾਂ ਤਿਨ੍ਹਾਂ ਦੀਆਂ ਜੀਭਾਂ ਹੋਛੇ ਰਸਾਂ ਕਸਾਂ ਦੇ ਸੁਆਦਾਂ ਵਿਚ ਗਿਝੀਆਂ ਰਹਿੰਦੀਆਂ ਹਨ। ਉਹਨ੍ਹਾਂ ਨੂੰ ਸਾਰੀ ਉਮਰ ਖਾਣ ਪੀਣ ਦੇ ਸੁਆਦ ਖੜਮੱਸਾਂ ਵਿਚ ਹੀ ਖਚਤ ਰਖਦੀਆਂ ਹਨ। ਹੋਛੇ ਰਸਾਂ ਕਸਾਂ ਸੁਆਦਾਂ ਵਿਚਿ ਖਚਤ ਹੋਏ ਤਿਨ੍ਹਾਂ ਦੇ ਮਨ ਵਿਸ਼ੇ-ਵਿਕਾਰ ਗ੍ਰਸਤ, ਤਿਨ੍ਹਾਂ ਨੂੰ ਏਹਨਾਂ ਵਿਚਿ ਓਪਰੇ ਰਸਾਂ ਸੁਆਦਾਂ ਤੋਂ ਉਪਰ ਉਭਰਨ ਹੀ ਨਹੀਂ ਦਿੰਦੇ ਅਤੇ ਸੱਚੇ ਰਸ ਸੁਆਦ ਵਲ ਆਉਣ ਹੀ ਨਹੀਂ ਦਿੰਦੇ। ਨਿਤਪ੍ਰਤਿ ਏਹਨਾਂ ਬਿਖੇ ਰਸਾਂ ਰੰਗਾਂ ਵਿਚਿ ਖੁਆਰ ਹੁੰਦੇ ਹਨ, ਪਰ ਹਟਦੇ ਨਹੀਂ। ਹਟਣ ਕਿਵੇਂ, ਉਹਨਾਂ ਉਤੇ ਖੋਟੀ ਆਦਤ ਵਾਲਾ ਰਸ-ਕੁਚਸਕਾ ਪ੍ਰਬਲ ਜੁ ਪਿਆ ਹੋਇਆ ਹੁੰਦਾ ਹੈ, ਜੋ ਉਹਨਾਂ ਦੀ ਸੁਰਤ ਨੂੰ ਪਲਟਾ ਖਾਣ ਹੀ ਨਹੀਂ ਦਿੰਦਾ। ਏਵੇਂ ਜਿਵੇਂ ਕਿਤਨੇ ਹੀ ਅਣਗਿਣਤ ਨਰ ਨਾਰੀ ਭੀ ਹਨ, ਜੋ ਹੱਡ ਚੰਮ ਮਾਸ ਦੇ ਪੁਤਲੇ ਉਪਰਲਾ ਸੂਹਾ ਚਿਟਵਟੇ ਗੋਰੇ ਰੰਗ ਵਾਲਾ ਜਿਸਮਾਨੀ ਰੂਪ ਦੇਖਿ ਦੇਖਿ ਹੀ ਮੋਹਤ ਹੋਏ ਫਿਰਦੇ ਹਨ। ਨਰ ਤਾਂ ਨਾਰੀਆਂ ਦੇ ਰੂਪ ਉਤੇ ਖਰਮਸਤ ਹਨ ਅਤੇ ਨਾਰੀਆਂ ਨਰਾਂ ਦੇ ਰੂਪ ਉਤੇ ਮੁਗਧ ਹਨ। ਸਾਰੀ ਉਮਰ ਤਿਨ੍ਹਾਂ ਦੀ ਇਸ ਹੋਛੀ ਰੂਪ-ਧੋਖੇ ਦੀ ਇਸ਼ਕ-ਬਾਜ਼ੀ ਵਿਚ ਹੀ ਲੰਘ ਜਾਂਦੀ ਹੈ। ਸਾਰੀ ਦੁਨੀਆ ਇਸ ਰੂਪ ਦੇ ਸੋਖੇ ਧੋਖੇ-ਠਗੋਛੇ ਵਿਚ ਭਰਮ-ਭੁਲਾਈ ਠਗਾਈ ਰਹਿੰਦੀ ਹੈ। ਕੂੜਾਵੇ ਚਾਰ ਦਿਨਾਂ ਦੀ ਰੂਪ-ਮੋਹ-ਠਗਉਰੀ ਪਾ ਕੇ ਝੂਠੀ ਮੋਹਣੀ ਮੋਹੀਦੇ ਅਤੇ ਕੋਹਣੀ ਕੋਹੀਦੇ ਰਹਿੰਦੇ ਹਨ। ਇਹ ਜੋਬਨ ਰੂਪ ਕੂੜਾਵਾ ਚੰਦ ਦਿਨਾਂ ਦਾ ਹੀ ਰਹਿੰਦਾ ਹੈ। ਵਿਸ਼ੇ ਵਿਕਾਰਾਂ ਵਿਚ ਹੰਢਾਇਆ ਜਾਣ ਕਰਕੇ ਛੇਤੀ ਹੀ ਢਲ ਜਾਂਦਾ ਹੈ। ਫੇਰ ਤਿਨ੍ਹਾਂ ਵਲ ਕੋਈ ਥੁਕਦਾ ਵੀ ਨਹੀਂ। ਰੂਪ ਦੀ ਠੱਗ-ਬਾਜ਼ੀ ਵਾਲੀ ਭਰਮ-ਭੁਲਾਣੀ ਖੇਡ ਆਪਣੀਂ ਅੱਖੀਂ ਦੇਖ ਕੇ ਭੀ ਭੁਲੜ ਨਰ ਨਾਰੀ ਨ੍ਰਿਤ ਨਵੇਂ ਦਿਨ ਇਸ ਕਸੁੰਭ-ਰੰਗਲੇ ਰੂਪ ਦਾ ਸ਼ਿਕਾਰ ਹੁੰਦੇ ਹਨ। ਥੋੜੇ ਦਿਹਾਂ (ਦਿਨਾਂ) ਅਤੇ ਛੋਛੇ ਮੁਖ ਵਾਲੇ ਇਸ਼ ਰੂਪ ਕਸੁੰਭੜੇ ਦੀ ਹੇਰਾ ਫੇਰੀ ਦੇਖ ਕੇ ਭੀ ਭਰਮ-ਭੁਲੀ ਦੁਨੀਆ ਨੂੰ ਇਬਰਤ (ਨਸੀਅਤ) ਨਹੀਂ ਆਉਂਦੀ। ਸਭ ਉਸ ਵਹਿਣ ਵਿਚ ਹੀ ਰੁੜ੍ਹੀ ਚਲੀ ਜਾਂਦੀ ਹੈ ਅਤੇ ਰਸਾਤਲੀ ਖਾਤੇ ਵਿਚ ਜਾ ਡਿਗਦੀ ਹੈ। ਇਸ ਉਪਰਲੀ ਰੂਪ-ਸੁੰਦਰਤਾ ਦੀ ਇਸ਼ਕਬਾਜ਼ੀ ਤੋਂ ਬਚੇ ਖੁਚੇ ਬਹੁਤ ਸਾਰੇ ਅਜਿਹੇ ਪ੍ਰਾਣੀ ਭੀ ਹਨ ਜੋ ਨਿਜ ਕੁਟੰਬ ਪਰਵਾਰ ਦੀ ਮੋਹ-ਮਮਤਾ ਵਿਚਿ ਐਸੇ ਖਚਤ ਹੋ ਜਾਂਦੇ ਹਨ ਕਿ ਤਿਨ੍ਹਾਂ ਦੀ ਨਿਸਖਾਸਰ ਮਾਇ ਬਾਪ, ਪੂਤ, ਭਾਈ ਭੈਣ, ਇਸਤ੍ਰੀ ਭਰਤੇ ਦੇ ਮੋਹ ਵਿਚਿ ਮੱਤਿਆਂ ਮਗਨੱਤਿਆਂ ਦੀ ਵਿਹਾਉਂਦੀ ਹੈ। ਇਹ ਮੋਹ-ਮਮਤਾ ਤਿਨ੍ਹਾਂ ਨੂੰ ਮੁੜਿ ਮੁੜਿ ਜੂਨੀਆਂ ਵਿਚਿ ਲਿਆਉਂਦੀ ਹੈ। ਇਸ ਮਿੱਠੜੀ ਮੋਹ-ਮਮਤਾ ਵਿਚ ਮਗਰੂਰੇ



www.AKJ.Org

ਹੋਏ ਉਹ ਕਿਸੇ ਨੂੰ ਨਜ਼ਰ ਤਲੇ ਨਹੀਂ ਲਿਆਉਂਦੇ। ਕੇਤੜਿਆਂ ਦੀ ਆਵਰਦਾ ਰਾਜ ਸਾਜ਼ ਦੇ ਅਹੰਕਾਰ ਵਿਚਿ ਹੰਢਦਿਆਂ ਹੀ ਵਿਹਾ ਜਾਂਦੀ ਹੈ। ਕੇਤੜਿਆਂ ਦੀ ਮਿਲਖ ਧਨ ਮਾਲ ਦੇ ਮਦ ਵਿਚਿ ਬਦਮਸਤ ਹੋਇਆਂ ਹੀ ਸਾਰੀ ਉਮਰ ਬਿਤੀਤ ਹੋ ਜਾਂਦੀ ਹੈ। ਅਨੇਕਾਂ ਮਾਇਆ ਦੇ ਵਾਪਾਰੀ ਲੋਗ ਮਾਇਆ ਦੇ ਵਾਪਾਰ ਵਿਚ ਹੀ ਸਾਰੀ ਉਮਰ ਖੱਜਲ ਖੁਆਰ ਹੋਏ ਰਹਿੰਦੇ ਹਨ। ਖੱਜਲ ਖੁਆਰ ਹੁੰਦੇ ਹੋਏ ਭੀ ਫੇਰ ਏਸੇ ਖੱਜਲ ਖੁਆਰੀ ਵਾਪਾਰ ਵਿਚ ਹੀ ਲਗੇ ਰਹਿੰਦੇ ਹਨ। ਤਿਨ੍ਹਾਂ ਦੀ ਸਾਰੀ ਉਮਰ ਹੀ ਏਸੇ ਮਾਇਕ ਵਾਪਾਰੀ ਖੱਜਲ ਖੁਆਰੀ ਵਿਚ ਹੀ ਵਿਹਾ ਜਾਂਦੀ ਹੈ। ਇਹ ਕੇਵਲ ਗੁਰੂ ਘਰ ਦੇ ਗੁਰਮੁਖਿ ਸੰਤ ਭਗਤ ਹੀ ਹਨ ਜਿਨ੍ਹਾਂ ਦਾ ਮਨੁਖ ਜੀਵਨ ਜਨਮ ਸਾਰਾ ਨਾਮ ਦੇ ਆਧਾਰ, ਨਾਮ ਦੇ ਵਾਪਾਰ ਵਿਚ ਹੀ ਸੁਲੇਖੇ ਲਗਦਾ ਹੈ। ਇਹੀ ਸੁਭਾਗ ਜੀਵਨ ਜਨਮ ਧਾਰੀਆ (ਧਾਰਨ ਜੋਗ) ਜੀਉਣੀਆ (ਜੀਉਣ ਜੋਗ) ਤੇ ਸੁਲੱਖਣਾ ਜੀਵਨ ਹੈ। ਏਸੇ ਨਾਮ-ਆਧਾਰ, ਨਾਮ-ਵਾਪਾਰ ਦੇ ਆਹਰ ਵਿਚਿ ਸਦਾ ਬਤੀਤਿਆ ਜਨਮ ਹੀ ਸਕਾਰਥਾ ਜਨਮੁ ਹੈ। ਹੋਰ ਟੰਟਿਆਂ ਅਸਟੰਡਾਂ ਅਡੰਬਰਾਂ ਵਿਚਿ ਬੀਤਿਆ ਜਨਮ ਅਕਾਰਥ ਨਿਰਾਰਥ ਜਨਮ ਹੀ ਹੈ।੧।

ਪਰ ਸੱਚੇ ਸਿਰਜਨਹਾਰ ਦੀ ਸੱਚੀ ਰਚਨਾ ਹੀ ਅਚਰਜ ਹੈ। ਸਾਰੀ ਸਿਰਜੀ ਰਚਨਾ ਸ੍ਰਿਸ਼ਟੀ ਦੇ ਚਰਾਚਰ ਜੀਵਾਂ ਦਾ ਰਾਜ਼ਕ ਪਾਲਕ ਅਤੇ ਮਾਲਕ ਸਚਾ ਪਰਵਦਗਾਰ, ਸਿਰਜਨਹਾਰ ਪਰਵਦਗਾਰ ਇਕੋ ਕਰਤਾਰ ਹੀ ਹੈ। ਉਹ ਅਕ੍ਰਿਤਘਣਾਂ ਨੂੰ ਭੀ ਪਾਲਦਾ ਹੈ। ਨਾਮ ਤੋਂ ਮੁਨਕਰਾਂ ਨੂੰ ਭੀ ਰਿਜ਼ਕ ਦਿੰਦਾ ਹੈ। ਨਾਮ ਤੋਂ ਛੁੱਟੜਾਂ ਗਮਰੁੱਠੜਾਂ ਨੂੰ ਅਨਿਕ ਪ੍ਰਕਾਰੀ ਮਾਇਆ ਬਿਕਾਰੀ ਕੁਕਰਮਾਂ ਦੇ ਗੇੜਾਂ ਵਿਚਿ ਜੋ ਘੁਮਾਉਂਦਾ ਹੈ, ਸੋ ਤਿਨ੍ਹਾਂ ਦੇ ਕੁਕਰਮਾਂ ਦੀ ਹੀ ਸਜ਼ਾ ਭੁਗਤਾਉਂਦਾ ਹੈ। ਸਾਰੀ ਸ੍ਰਿਸ਼ਟੀ ਆਪੇ ਹੀ ਆਪੋ ਆਪਣੇ ਧੰਧ ਬੰਧ ਵਿਚਿ ਥੋੜੇ ਲਗ ਰਹੀ ਹੈ, ਲਾਈ ਹੀ ਲਗ ਰਹੀ ਹੈ, ਤਿਨ੍ਹਾਂ ਦੀ ਕਰਮ-ਗਤੀ ਨੂੰ ਹੀ ਭੁਗਤਾਉਣ ਲਈ ।੧।ਰਹਾਉ।

ਕਿਤਨਿਆਂ ਹੀ ਬੇਦਾਂ ਦੀ ਅਵਿਦਿਤਾ ਭਰੀ ਵੀਚਾਰ ਇਲਮ ਆਦੀ ਕਰਮਾਰ ਵਿਚ ਹੀ ਵਿਹਾਉਂਦੀ ਹੈ। ਕੇਤੜਿਆਂ ਦੀ ਬੇਦ-ਵੀਚਾਰ ਦੇ ਬੇਦ-ਬਿਵਾਦੀ ਰਗੜੇ ਝਗੜਿਆਂ ਵਿਚ ਸਾਰੀ ਉਮਰ ਖੀਨ ਖਚਤਾਰ ਹੋਈ ਐਵੇਂ ਬਿਰਥੀ ਹੀ ਵਿਹਾ ਜਾਂਦੀ ਹੈ। ਕਿਤਨਿਆਂ ਦੀ ਫਿਕੇ ਮਾਇਕ ਪਦਾਰਥਾਂ ਦੇ ਜੀਭ-ਰਸ-ਸੁਆਦਾਂ ਵਿਚਿ ਸਾਰੀ ਉਮਰ ਅਜਾਈਂ ਗੁਜ਼ਰ ਜਾਂਦੀ ਹੈ। ਅਨੇਕਾਂ ਲੰਪਟਾਂ ਬਾਜ਼ਾਰੀਆਂ ਸੁਹਦਿਆਂ ਲੁਚਿਆਂ ਦੀ ਸਾਰੀ ਜ਼ਿੰਦਗੀ ਬਾਜ਼ਾਰੀ ਇਸਤ੍ਰੀਆਂ ਗਨਕਾ ਕੰਜਰੀਆਂ ਨਾਲ ਹੀ ਬਿਭਚਾਰ ਕੁਕਰਮੀ ਖੇਹ ਖਾਂਦਿਆਂ ਹੀ ਚੌੜ ਹੋ ਜਾਂਦੀ ਹੈ। ਨਰ ਨਾਰੀਆਂ ਨਾਲਿ ਖੇਹ ਖਾਂਦੇ ਹੰਢਾ ਜਾਂਦੇ ਹਨ ਅਤੇ ਨਾਰੀਆਂ ਨਰਾਂ ਨਾਲਿ ਵਿਸ਼ੇ ਵਿਕਾਰੀ ਟਕਰਾਂ ਮਾਰਦੀਆਂ ਹੀ ਜੋਬਨ ਜੁਆਨੀ ਤੋਂ ਉਤਾਰੂ ਹੋ ਜਾਂਦੀਆਂ ਹਨ। ਬੁੱਢੀਆਂ ਹੋ ਜਾਂਦੀਆਂ ਹਨ, ਪਰ ਉਨ੍ਹਾਂ ਦੀ ਵਿਸ਼ੇ ਮਈ ਹਿਰਸ ਨਹੀਂ ਮਿਟਦੀ। ਨਾ ਹੀ ਮਰਨ ਪਹਿਰੇ ਤੇ ਆਏ ਹੋਏ ਮਨਮੁਖ ਹਿਣਸੀ ਬੁਢੜਿਆਂ ਦੀ ਹਿਰਸ-ਵਿਸ਼ੇ-ਕਾਮਨਾ ਮਿਟਦੀ ਹੈ। ਇਹ ਕੇਵਲ ਗੁਰੂ ਸੰਵਾਰੇ ਗੁਰਮੁਖ਼ਿ ਸੰਤ ਭਗਤ ਗੁਰੂ ਦੇ ਵਰੋਸਾਏ ਸਿਖ ਹੀ ਹਨ ਜਿਨ੍ਹਾਂ ਦੀ ਕੇਵਲ ਵਾਹਿਗੁਰੂ-ਨਾਮ-ਰੰਗਾਂ ਵਿਚਿ ਰੰਗਿਆਂ ਰੱਚਿਆਂ ਹੀ ਸਾਰੀ ਆਰਬਲਾ ਤੋੜ ਤਾਈਂ ਵਿਹਾਉਂਦੀ ਹੈ।੨।

ਐਸੇ ਭੀ ਅਣਗਿਣਤ ਅਭਾਗੇ ਲੋਗ ਹਨ, ਜਿਨ੍ਹਾਂ ਦੀ ਸਾਰੀ ਆਯੂ ਜੂਏ ਖੇਲਦਿਆਂ ਹੀ ਬਰਦਾਦ ਹੁੰਦੀ ਹੈ। ਉਹਨਾਂ ਨੂੰ ਜੂਏ ਦਾ ਐਸਾ ਝਸ ਪਿਆ ਹੋਇਆ ਹੁੰਦਾ ਹੈ ਕਿ ਉਹ ਜੂਏ ਨੂੰ ਛਡ ਹੀ ਨਹੀਂ ਸਕਦੇ। ਛਡਾਇਆਂ ਭੀ ਨਹੀਂ ਛਡਦੇ। ਜੂਆ ਖੇਲਣਾ ਭੀ ਇਕ ਭਾਰੀ ਵਿਕਾਰੀ ਕੁਕਰਮ ਹੈ। ਜੋ ਸੱਟੇ ਦੇ ਵਾਪਰੀ ਹਨ, ਉਹ ਭੀ ਇਕ ਪ੍ਰਕਾਰ ਦੇ ਜੁਆਰੀਏ ਹੀ ਹਨ। ਇਨ੍ਹਾਂ ਸੱਟੇਬਾਜ਼ਾਂ ਅਤੇ ਜੂਆਰੀਆਂ ਦਾ ਬੜਾ ਹੀ ਤਰਸ-ਯੋਗ ਜੀਵਨ ਹੈ। ਸਾਰਾ ਜੀਵਨ ਜੂਏਬਾਜ਼ੀ ਸੱਟੇਬਾਜ਼ੀ ਵਿਚਿ ਬਿਤਾ ਦਿੰਦੇ ਹਨ।



www.AKJ.Org

ਏਥੇ (ਏਸੇ ਲੋਕ) ਵਿਖੇ ਭੀ ਖੁਆਰ ਹੁੰਦੇ ਹਨ ਅਤੇ ਅਗੇ ਜਾ ਕੇ ਪਰਲੋਕ ਵਿਚ ਘੋਰ ਖੁਆਰੀ ਉਹਨਾਂ ਦੇ ਨਸੀਬਾਂ ਲੇਖਾਂ ਵਿਚਿ ਲਿਖੀ ਹੋਈ ਹੁੰਦੀ ਹੈ। ਲਖ ਚੁਰਾਸੀ ਜੂਨੀਆਂ ਦੇ ਜਨਮ ਭੁਗਤ ਕੇ ਮੁੜਿ ਤਿਨ੍ਹਾਂ ਨੂੰ ਕਦੇ ਫੇਰ ਅਵਸਰ ਮਾਨੁਖਾ ਜਨਮ ਦਾ ਮਿਲਦਾ ਹੈ। ਓਦੋਂ ਵਧ ਜੂਏਬਾਜ਼ੀ ਫੇਰ ਕਰਦੇ ਹਨ, ਕਿਉਂਕਿ ਪਹਿਲੇ ਸੰਸਕਾਰ ਉਹਨਾਂ ਦੇ ਜੂਏਬਾਜ਼ੀ ਵਾਲੇ ਨਹੀਂ ਮਿਟੇ ਹੋਏ ਹੁੰਦੇ। ਏਸੇ ਮਾਨੁਖਾ ਜਨਮ ਵਿਚ ਹੀ ਉਹਨਾਂ ਦਾ ਸੁਧਾਰ ਹੋ ਜਾਵੇ ਤਾਂ ਹੋ ਜਾਵੇ, ਨਹੀਂ ਤਾਂ ਕੋਈ ਠਿਕਣਾ ਨਹੀਂ। ਉਹ ਗੁਰਸਿਖੀ ਦੇ ਮਾਰਗ ਤੇ ਆ ਹੀ ਨਹੀਂ ਸਕਦੇ। ਜੇ ਕਿਤੇ ਭੁਲੇ ਭਟਕੇ ਆ ਭੀ ਜਾਣ ਤਾਂ ਚਲ ਨਹੀਂ ਸਕਦੇ, ਖੰਡੇ ਦੀ ਧਾਰ ਵਾਲੇ ਤਿਖੇ ਗੁਰਸਿਖੀ ਦੇ ਮਾਰਗ ਉਤੇ। ਏਹਨਾਂ ਜੁਆਰੀਆਂ ਦੇ ਬਿਗੜ-ਜੀਵਨੀ ਜੀਵਨ ਵਾਕੁਰ ਹੀ ਬਦਕਾਰੀ ਅਮਲੀਆਂ, ਸ਼ਰਾਬੀਆਂ, ਅਫੀਮੀਆਂ, ਪੋਸਤੀਆਂ, ਭੰਗੀਆਂ, ਬਿਖਈਆਂ, ਸੁਲਫਈਆਂ, ਬਿਖਿਆ (ਤਮਾਕੂ) ਨਸ਼ਈਆਂ ਦਾ ਅਤਿ ਮੰਦਾ ਜੀਵਨ ਹੈ। ਤਿਨ੍ਹਾਂ ਦੀ ਸਾਰੀ ਅਮਲ-ਦਹਿਚਾਰਨੀ-ਉਮਰ ਅਮਲੀ ਹੋਇਆਂ ਹੀ ਨਿਬੜ ਜਾਂਦੀ ਹੈ। ਪਰ ਕਿਸੇ ਅਮਲੀ ਤੋਂ ਕੋਈ ਭੀ ਅਮਲ ਨਹੀਂ ਛੁਟਦਾ। ਉਹ ਐਥੇ ਭੀ ਧੱਕੇ ਖਾਂਦੇ ਹਨ ਅਤੇ ਸੱਚੇ ਖ਼ਸਮ ਦੇ ਦਰ ਤੇ ਭੀ ਜਾ ਕੇ ਧੱਕੇ ਹੀ ਖਾਂਦੇ ਹਨ। ਅਣਗਿਣਤ ਚੋਰੀ ਦੇ ਕਸਬ ਵਾਲੇ ਚੋਰਾਂ ਦੀ, ਪਰਾਇਆ ਧਨ ਚੁਰਾਂਦਿਆਂ ਦੀ, ਚੋਰੀ ਦਾ ਕਿਤਾ ਕਮਾਉਂਦਿਆਂ ਦੀ ਹੀ ਸਾਰੀ ਉਮਰ ਖ਼ਰਾਬ ਹੁੰਦੀ ਹੈ। ਚੋਰੀ ਦਾ ਕੁਕਰਮ ਯਾਰੀ ਦੇ ਕੁਕਰਮ ਜਿਹਾ ਹੀ ਕਰੂਰ ਤੇ ਕੁਲਛਣਾ ਹੈ। ਚੋਰ ਚੋਰੀ ਕਦੇ ਛੱਡ ਹੀ ਨਹੀਂ ਸਕਦੇ। ਇਹ ਕੇਵਲ ਗੁਰੂ ਕੇ ਸੁਮਤਿ ਨਦਰਾਏ ਸਿਖ ਸੰਤ ਹੀ ਹਨ ਜਿਨ੍ਹਾਂ ਦੀ ਕੇਵਲ ਨਾਮ ਧਿਆਉਂਦਿਆਂ ਸਾਰੀ ਆਯੂ ਸਫਲੀ ਹੁੰਦੀ ਹੈ, ਸਫਲ ਨਾਮ ਸਾਲਾਹੀ ਕਰਮ ਕਰੰਦਿਆਂ ।੩।

ਕਿਤਨਿਆਂ ਦੀ ਜਗ ਤਪ ਪੂਜਾ ਵਾਲੇ ਕਨਿਸ਼ਟ ਕਰਮਾਂ ਵਿਚਿ ਕਨਿਸ਼ਟਤ ਹੋਈ ਵੀ ਸਾਰੀ ਜ਼ਿੰਦਗੀ ਖਰਚ ਹੋ ਜਾਂਦੀ ਹੈ। ਬਹੁਤਿਆਂ ਦੀ ਅਜਿਹੇ ਭੈੜੇ ਕਰਮਾਂ ਵਿਚ ਸਾਰੀ ਉਮਰ ਗੁਜ਼ਰਦੀ ਹੈ, ਜਿਨ੍ਹਾਂ ਭੈੜੇ ਕਰਮਾਂ ਦੇ ਕਰਨ ਕਰਿ ਉਹਨਾਂ ਨੂੰ ਅਸਾਧ ਰੋਗ ਚਿਮੜ ਜਾਂਦੇ ਹਨ। ਉਹ ਸਾਰੀ ਉਮਰ ਰੋਗ-ਗ੍ਰਸਤ ਹੀ ਰਹਿੰਦੇ ਹਨ। ਰੋਗਾਂ ਸੋਗਾਂ ਵਿਚ ਹੀ ਭਰਮਦਿਆਂ, ਗਰਤ ਹੋਏ ਤਿਨ੍ਹਾਂ ਪ੍ਰਾਣੀਆਂ ਦੀ ਉਮਰ ਵਿਹਾਉਂਦੀ ਹੈ। ਪਵਨ-ਧਾਰੀਆਂ ਦੀ ਪਵਨਧਾਰੀ-ਪ੍ਰਾਣਾਯਾਮ ਕਰਦਿਆ ਹੀ ਸਾਰੀ ਬੈਸ ਵਿਹਾ ਜਾਂਦੀ ਹੈ, ਪਰ ਪ੍ਰਾਣਾਯਾਮ ਕਰ ਕੇ ਬੈਸ (ਉਮਰ) ਲੰਮੇਰੀ, ਵਡ-ਲੰਮੇਰੀ ਤਾਂ ਹੋ ਜਾਂਦੀ ਹੈ ਪਰ ਕਲਿਆਣ-ਗਤੇਰੀ ਭੀ ਨਹੀਂ ਹੁੰਦੀ, ਸਗੋਂ ਵਧੇਰੀ ਤ੍ਰਿਸ਼ਨਾ-ਤ੍ਰਿਸ਼ਨੇਰੀ ਸੰਕਲਪ-ਵਿਕੱਲਪੇਰੀ ਹੋ ਜਾਂਦੀ ਹੈ। ਇਹ ਕੇਵਲ ਗੁਰੂ ਘਰ ਦੇ ਨਿਰੰਕਾਰੀ ਨਾਮ-ਆਧਾਰੀ ਸਿਖ ਹੀ ਹਨ ਜਿਨ੍ਹਾਂ ਦੀ ਦਿਨ-ਰੈਨਾਈ ਸਾਰੀ ਅਵਸਥਾ ਹਰਿ ਕੀਰਤਨ ਗਾਵੰਦਿਆਂ ਹੀ ਵਿਹਾਉਂਦੀ ਹੈ, ਕਰਮਨ ਸਿਰ ਕਰਮੁ ਸੱਚਾ ਕਰਮੁ ਕੀਰਤਨ ਕਮਾਵੰਦਿਆਂ ਹੀ ਸਫਲੀ ਹੁੰਦੀ ਹੈ ।੪।

ਐਸੇ ਭੀ ਬਥੇਰੇ ਅਣਗਿਣਤ ਬੰਦੇ ਹਨ ਜਿਨ੍ਹਾਂ ਦੀ ਸਾਰੀ ਉਮਰ ਸਫਰ ਵਿਚ ਹੀ ਏਧਰ ਉਧਰ ਚਲਦਿਆਂ ਫਿਰਦਿਆਂ ਹੀ ਵਿਹਾ ਜਾਂਦੀ ਹੈ। ਅਨੇਕਾਂ ਦੀ ਇਕ ਥਾਉਂ ਜੰਮ ਕੇ ਬੈਠੇ ਰਹਿਣ ਵਿਚਿ ਨਿਜ ਮਨਸਾ ਮੁਤਾਬਕ ਮਨ-ਮੰਨਿਆ ਪਿੜ ਮੱਲੀ ਰੱਖਣ ਵਿਚ ਸਾਰੀ ਉਮਰ ਵਿਹਾਉਂਦੀ ਹੈ। ਇਕੇ ਡੇਰੇ-ਅਸਥਾਨ ਦਾ ਸਾਰੀ ਉਮਰ ਮਹੰਤ ਬਣੇ ਰਹਿਣ ਵਿਚ ਹੀ ਬਿਹਾ ਜਾਂਦੀ ਹੈ। ਅਨੇਕਾਂ ਅਣਗਿਣਤ ਪਾਂਧਿਆਂ, ਪਾਦਰੀਆਂ, ਮੁਲਾਣਿਆਂ, ਮਾਸਟਰਾਂ, ਟੀਚਰਾਂ, ਪ੍ਰੋਫੈਸਰਾਂ, ਪ੍ਰਿੰਸੀਪਲਾਂ, ਅਨਿਕ ਪ੍ਰਕਾਰੀ ਅਧਿਆਪਕਾਂ ਦੀ ਸਾਰੀ ਉਮਰ ਹੀ ਅਵਸਥਾ ਬਾਲਕੇ ਬਾਲਕੀਆਂ ਮੁੰਡੇ ਕੁੜੀਆਂ ਨੂੰ ਪੜ੍ਹਾਉਂਦਿਆਂ ਕੂੜਾਵੀਆਂ ਪੜ੍ਹਾਈਆਂ ਨਾਲ ਮਗਜ਼ ਮਾਰਦਿਆਂ ਹੀ ਗੁਜ਼ਰ ਜਾਂਦੀ ਹੈ ਅਤੇ ਅਜਾਈਂ ਹੀ ਜਾਂਦੀ ਹੈ। ਕੇਵਲ ਹਰਿਜਸ ਗਾਵਣ-ਹਾਰੇ ਗੁਰਸਿਖਾਂ ਸੰਤਾਂ ਦੀ ਹੀ ਸਾਰੀ ਉਮਰ ਥਾਂਇ ਪੈਂਦੀ ਹੈ, ਕਿਉਂਕਿ ਤਿਨ੍ਹਾਂ ਦੀ ਉਮਰ ਭਰ ਹਰਿ ਜਸ


www.AKJ.Org

ਕੀਰਤਨ ਵਿਚਿ ਮਗਨੰਦ ਰਹਿੰਦਿਆਂ ਹੀ ਸੁਜੀਵੀ ਸੁਖ ਸਹਿਜ ਲੇਖੇ ਲਗਦੀ ਹੈ ।੫।

ਸੰਸਾਰੀ ਦੁਨੀਆਦਾਰਾਂ ਦੀ ਸਭ ਤੋਂ ਵਡੀ ਮੈਜਾਰਟੀ (ਬਹੁ-ਸੰਮਤੀ) ਉਹ ਹੈ ਜੋ ਚੰਚਲ ਚਾਇ ਵਾਲੇ ਨਟ ਨਾਟਿਕ ਨਿਰਤੀ ਥੀਏਟਰਾਂ ਸਿਨਿਮਿਆਂ ਦੇ ਦੇਖਣ ਵਿਚ ਹੀ ਸਾਰੀ ਦੀ ਸਾਰੀ ਉਮਰ ਖਰਾਬ ਕਰ ਦਿੰਦੇ ਹਨ । ਪਰ ਉਹਨਾਂ ਦੇ ਪੱਲੇ ਕੁਛ ਨਹੀਂ ਪੈਂਦਾ, ਸਗੋਂ ਸਭ ਕੁਝ ਗੁਆ ਬੈਠਦੇ ਹਨ । ਆਪਣੀ ਆਕਬਤ (ਪਰਲੋਕ) ਭੀ ਗੰਦੀ ਕਰ ਲੈਂਦੇ ਹਨ । ਬੜੇ ਬੜੇ ਪੜ੍ਹੇ ਲਿਖੇ ਮਗ਼ਰਬੀ (ਪੱਛਮੀ) ਤਹਿਜ਼ੀਬ ਦੀਆਂ ਮੁਹੱਜ਼ਬ ਪੜ੍ਹਾਈਆਂ ਵਿਚਿ ਹੜ੍ਹੇ ਕੜ੍ਹੇ ਹੋਏ ਏਸ ਫ਼ਿਘਰ ਟੋਏ ਵਿਚਿ ਗਰਕ ਹੋ ਕੇ ਬਹੁਤੇ ਡਿਗਦੇ ਹਨ । ਮਾਇਕ ਵਡੇਰੂਆਂ, ਫੋਕੀ ਤਹਿਜ਼ੀਬ ਦੇ ਮੁਠੜੇ, ਤਾਲੀਮ ਇਲਮੇਰੂਆਂ ਦੇ ਪਰਵਾਰਾਂ ਦੇ ਪਰਵਾਰ ਜੁੜ ਕੇ ਸਿਨੇਮੇ ਥੀਏਟਰਾਂ ਦੇ ਗੰਦੇ ਰਾਗ, ਨੰਗੇ ਨਾਚ,ਮੰਦੇ ਕਰਮਾਚ ਦੇਖਣ ਸੁਣਨ ਅਤੇ ਗੁਣਨ ਲਈ ਜਾਂਦੇ ਹਨ।ਬੜੇ ਬੜੇ ਉਘੇ ਰੀਫ਼ਾਰਮਰ ਵਜ਼ੀਰ ਕਬੀਰ ਰਾਜੇ ਰਾਉ ਅਮੀਰ ਆਪਣੀਆਂ ਬਹੂਆਂ ਬੇਟੀਆਂ ਨੋਹਾਂ ਪੜਨੋਹਾਂ ਨੂੰ ਲੈ ਕੇ ਏਸ ਅੱਤ ਬੇਸ਼ਰਮੀ ਵਾਲੇ ਤਮਾਸ਼ਿਆਂ ਦੇ ਨਿਜ'ਸੰਤਾਨ ਵਿਗਾੜੂ ਪਰਚਾਰਕ ਬਣਦੇ ਹਨ । ... ਅਜ ਸਾਰਾ ਭਾਰਤ ਵਰਸ਼, ਸਾਰਾ ਹਿੰਦੁਸਤਾਨ ਕੀ ਅਮੀਰ ਕੀ ਗਰੀਬ, ਤਬਕਾ ਏਸੇ ਸਿਨਿਮੇ-ਬਾਜ਼ੀ ਦੀ ਧਸਣ ਵਿਚਿ ਧਸ ਰਹਿਆ ਹੈ । ਤਿਨ੍ਹਾਂ ਦੇ ਉਤਾਰੇ ਨਿਸਤਾਰੇ ਦੀ ਕੋਈ ਆਸ ਉਮੈਦ ਨਹੀਂ । ਬੇਸ਼ੁਮਾਰ ਅਸੰਖਾਂ ਐਸੇ ਅਤਿਆਚਾਰੀ ਹਨ ਜੋ ਨਿਧੜਕ ਹੋ ਕੇ ਜੀਵ-ਹਿੰਸਾ ਕਰਦੇ ਹਨ ਅਤੇ ਜਾਨਵਰਾਂ ਪਸ਼ੂਆਂ ਪੰਖੀਆਂ ਦੇ ਗਲ ਵਢ ਕੇ ਹੱਤਿਆ ਕਮਾਉਂਦੇ ਹਨ । ਅਨੇਕਾਂ ਦੀ ਤਾਂ ਰਾਜ-ਗਰਦੀ ਕਰਦਿਆਂ ਹੀ ਵਿਹਾਉਂਦੀ ਹੈ, ਪਰ ਅਨੇਕਾਂ ਦੀ ਇਸ ਰਾਜ-ਗਰਦੀ ਤੋਂ ਡਰਿ ਡਰਿ ਮਰਦਿਆਂ ਦੀ ਮਸਾਂ ਗੁਲਾਮੀ ਦੇ ਜੀਵਨ ਵਾਲਾ ਗੁਜ਼ਾਰਾ ਕਰਦਿਆਂ ਹੀ ਵਿਹਾਉਂਦੀ ਹੈ । ਏਹਨਾਂ ਗੁਲਾਮਾਂ ਦਾ ਕੋਈ ਜੀਊਣਾ ਹੈ ? ਪਰ ਉਨ੍ਹਾਂ ਦੀ ਆਦਤ ਬਣੀ ਹੁੰਦੀ ਹੈ ਸਾਰਿਆਂ ਦੇ ਗੁਲਾਮ ਬਣਨ ਦੀ । ਇਸ ਗੁਲਾਮੀ ਤੋਂ, ਇਸ ਵਿਡਾਣੀ ਚਾਕਰੀ ਦੀ ਛੱਟ ਪੁਆਉਣ ਤੋਂ ਅਤੇ ਉਪਰ ਜ਼ਿਕਰ ਕੀਤੇ ਲੰਪਟ ਬਾਜ਼ਾਰੀਆਂ ਵਾਲੀ ਵਿਕਾਰ ਡੰਡਾਤੀ ਸਟ ਸਹਿਣ ਤੋਂ ਸੇਈ ਜਨ ਬਚੇ ਹਨ ਜੋ ਕੇਵਲ ਨਾਮ ਨਿਰੰਕਾਰ ਦੇ ਰੰਗਾਂ ਵਿਚਿ ਰਤੇ ਹਨ । ਐਸੇ ਹਨ ਕੇਵਲ ਗੁਰੂ ਘਰ ਦੇ ਉਹ ਸੰਤ ਭਗਤ ਸਿਖ ਗੁਰਮਖਿ ਪਿਆਰੇ,ਜੋ ਅਨਦਿਨ ਨਾਮ ਸਿਫ਼ਤ ਸਾਲਾਹ ਦੇ ਕੀਰਤਨ-ਰੰਗ ਵਿਚ ਦਿਨ ਰਾਤ ਰਤੇ ਰਹਿੰਦੇ ਹਨ।੬।

ਐਸੇ ਭੀ ਕਿਤਨੇ ਨੀਤੀਵਾਨ ਮਤਾ ਮਸੂਰਤੀ ਮੁਸਾਹਿਬ ਹਨ, ਜਿਨ੍ਹਾਂ ਦੀ ਅਨਦਿਨ ਮਸ਼ਵਰੇ ਕਰਦਿਆਂ ਅਤੇ ਮਤੇ ਪਕਾਉਂਦਿਆਂ ਹੀ ਵਿਹਾਉਂਦੀ ਹੈ । ਦੁਨੀਆ ਵਿਚ ਅਜਿਹੇ ਸੁਆਰਥੀ ਬੰਦੇ ਭੀ ਅਣਗਿਣਤ ਹਨ ਜੋ ਆਪਣੀ ਖ਼ੁਦਗਰਜ਼ੀ ਨੂੰ, ਨਿਜ ਸੁਆਰਥ ਨੂੰ ਮੁਖ ਰਖ ਕੇ ਆਪਣੀ ਨਿਜ ਜ਼ਰੂਰਤ ਦੇ ਮਾਰੇ ਹੀ ਕੌਮ ਦੀ ਸੇਵਾ ਯਾ ਹਕੂਮਤ ਦੀ ਮੁਲਾਜ਼ਮਤ ਕਰਦੇ ਹਨ, ਪਰਉਪਕਾਰ ਯਾ ਪਰਸੁਆਰਥ ਲਈ ਨਹੀਂ । ਅਨੇਕਾਂ ਐਸੇ ਹਨ ਜੋ ਨਿਰੀ ਸੋਧ ਸਫ਼ਾਈ ਸੋਚ ਪੋਚ ਵਾਲੀ ਜੀਵਨੀ ਨੂੰ ਮੁਖ ਰਖ ਕੇ ਹੀ ਜੀਵਨ ਜਨਮ ਬਿਤੀਤ ਕਰਦੇ ਹਨ, ਪਰੰਤੂ ਗੁਰੂ ਨਾਨਕ ਦੇ ਘਰ ਦੇ ਨਿਰੰਕਾਰ ਨਾਮ ਰਸੀਏ ਸੰਤ ਜਨਾਂ ਦੀ ਸਾਰੀ ਉਮਰ ਹੀ ਅਮਿਉ ਰਸ ਪੀਂਦਿਆਂ, ਅੰਮ੍ਰਿਤ ਨਾਮ ਦੇ ਗਟਾਕ ਛਕਦਿਆਂ ਹੀ ਵਿਹਾਉਂਦੀ ਹੈ ।੭।

ਨਿਰੰਕਾਰੀ ਨਾਮ ਤੋਂ ਘੁਥੜੇ ਸਾਰੇ ਸੰਸਾਰੀ ਹੋਰ ਹੋਰ ਕਰਮਾਂ ਵਿਚ ਹੀ ਸਾਰੀ ਉਮਰ ਲਗੇ ਰਹਿੰਦੇ ਹਨ । ਪਰ ਜਿਵੇਂ ਲਾਉਣਹਾਰੇ ਕਰਮ-ਬਿਧਾਤੇ ਕਰਤਾਰ ਨੇ ਉਹ ਜਿਥੇ ਜਿਥੇ ਜਿਹੜੇ ਕਰਮਾਂ ਵਿਚਿ ਲਾਏ ਹਨ, ਤਿਥੇ ਤਿਥੇ ਤਿਨ੍ਹਾਂ ਕਰਮਾਂ ਵਿਚ ਹੀ ਉਹਨਾਂ ਨੂੰ ਆਪਣੇ ਪੂਰਬਲੇ ਕਰਮਾਂ ਅਨੁਸਾਰ ਲਗਣਾ ਪੈਂਦਾ ਹੈ । ਤਿਨ੍ਹਾਂ ਕਰਮਾਂ ਵਿਚਿ ਲਗਣ ਵਾਲੀ ਮੂਰਖਤਾ (ਮੂੜ੍ਹਤਾ) ਤੇ ਸਿਆਣਪ ਭੀ ਉਹਨਾਂ ਦੇ ਆਪਣੇ ਅਖ਼ਤਿਆਰ ਨਹੀਂ । ਜੇਹੋ ਜੇਹੇ ਉਹ ਕਰਮ ਕਮਾਉਂਦੇ ਹਨ, ਤਿਹੋ ਜਿਹੀ ਉਹਨਾਂ ਦੀ ਮਤਿ ਹੋਈ ਰਹਿੰਦੀ ਹੈ । ਅਤੇ ਤਿਹੋ ਜਿਹੀ ਹੀ ਹੋ ਜਾਂਦੀ ਹੈ ਕਰਮ-ਗੇੜ ਦੇ ਉਲੱਥ-ਪਲੱਥੀ ਸਜ਼ਾ ਜਜ਼ਾਏ ਸਿਲਸਿਲੇ ਅਨੁਸਾਰ । ਜਿਨ੍ਹਾਂ ਨੂੰ ਆਪਣੀ ਅਪਾਰ ਕਿਰਪਾ ਕਰ ਕੇ ਵਾਹਿਗੁਰੂ-ਨਾਮ ਦੀ ਬਖਸ਼ੀਸ਼ ਕਰਦਾ ਹੈ, ਉਹੀ ਨਾਮ ਜਪਦੇ ਹਨ । ਤਿਨ੍ਹਾਂ ਦੀ ਨਾਮ-ਅਭਿਆਸ ਕਮਾਈ ਤੋੜ ਨਿਭਦੀ ਹੈ ਅਤੇ ਸਫਲ ਫਲਦੀ ਹੈ । ਸਦਕੇ, ਧੰਨ ਗੁਰੂ ਨਾਨਕ ! ਗੁਰੂ ਨਾਨਕ ਸਾਹਿਬ ਤਿਨ੍ਹਾਂ ਦੇ ਬਲਿਹਾਰਨੇ ਜਾਂਦੇ ਹਨ । ਕੈਸੇ ਵਡਭਾਗੀ ਹਨ ਨਾਮ ਅਭਿਆਸ ਕਮਾਈ ਕਰਨਹਾਰੇ, ਜਿਨ੍ਹਾਂ ਉਤੇ ਗੁਰੂ ਸਾਹਿਬ ਐਸੇ ਕੁਰਬਾਨ ਮਿਹਰਬਾਨ ਹਨ। ਤਾਂ ਹੀ ਤੇ ਤਿਨ੍ਹਾਂ ਦੀ ਸਫਲ ਕਮਾਈ ਸਭਨਾਂ ਕਰਮ ਕਮਾਈਆਂ ਤੋਂ ਸ੍ਰੇਸ਼ਟ ਅਤੇ ਪੁਜ ਕੇ ਉਤਮ ਹੈ । ਧੰਨ ਗੁਰੂ ਨਾਨਕ ।੮।



www.AKJ.Org

*ਇਤਿਹਾਸਕ ਦ੍ਰਿਸ਼ਟੀਕੋਣ ਤੋਂ–*

# ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤਿ

[ ਸ: ਪਸ਼ੌਰਾ ਸਿੰਘ ਜੀ, ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਦਿੱਲੀ ]

( ੧ )

ਅਠਾਰ੍ਹਵੀਂ ਸਦੀ ਵਿਚ ਜੋ ਗੁਰੂ-ਪੰਥ ਅਰਦਾਸ ਕਰਿਆ ਕਰਦਾ ਸੀ, ਉਹ ਹੁਣ ਤਕ ਪ੍ਰਚਲਤ ਹੈ। ਬਿਖੜੇ ਸਮੇਂ ਦੇ ਗੇੜ ਨਾਲ ਵੀ ਕੋਈ ਹਨੇਰੀ ਇਸ ਨੂੰ ਨਹੀਂ ਮਿਟਾ ਸਕੀ। ਜਿਉਂ ਜਿਉਂ ਕੌਮ ਦਾ ਇਤਿਹਾਸ ਚਮਕਿਆ, ਸ਼ਹੀਦਾਂ ਨੇ ਖ਼ੂਨ ਡੋਲ੍ਹਿਆ, ਉਹ ਸ਼ਬਦਾਂ ਦਾ ਜਾਮਾ ਧਾਰਨ ਕਰ ਕੇ ਸਿਖਾਂ ਦੇ ਹਿਰਦਿਆਂ ਦੀ ਧੜਕਣ ਬਣ ਗਿਆ ਅਤੇ ਸਰਬੱਤ ਖਾਲਸੇ ਦੀ ਨਿਤ ਦੀ ਅਰਦਾਸ ਦੇ ਬੋਲਾਂ ਵਿਚ ਗੂੰਜਣ ਲਗਾ। ਸਾਡੀ ਅਰਦਾਸ ਵਿਕਾਸਸ਼ੀਲ (Evolutionary) ਹੈ, ਜਿਸ ਤਰ੍ਹਾਂ ਕੌਮ ਇਤਿਹਾਸ ਬਣਾਏਗੀ, ਉਹ ਅਰਦਾਸ ਵਿਚ ਸਮਿਲਤ ਹੁੰਦਾ ਜਾਏਗਾ। ਲੇਕਿਨ ਜੋ ਅਰਦਾਸ ਬਣ ਚੁਕੀ ਹੈ, ਉਸ ਦੇ ਮੂਲ ਰੂਪ ਵਿਚ ਕੋਈ ਵੀ ਤਬਦੀਲੀ ਨਹੀਂ ਹੋ ਸਕਦੀ। ਸਦੀਆਂ ਤੋਂ ਅਸੀਂ ਦਸਾਂ ਪਾਤਸ਼ਾਹੀਆਂ ਦਾ ਨਾਂ ਲੈਣ ਉਪਰੰਤ ਇਹ ਹੀ ਬੋਲਦੇ ਆਏ ਹਾਂ :

> "ਦਸਾਂ ਪਾਤਸਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸ੍ਹਾਹਿਬ ਜੀ ਦੇ ਪਾਠ, ਦਰਸ਼ਨ, ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ! ਵਾਹਿਗੁਰੂ ! ਵਾਹਿਗੁਰੂ ! ਵਾਹਿਗੁਰੂ !"

ਸਿੱਖੀ ਦਾ ਮਹੱਲ ਇਨ੍ਹਾਂ ਅਦਭੁੱਤ ਸ਼ਬਦਾਂ ਦੀ ਆਧਾਰ-ਸ਼ਿਲਾ ਦੇ ਆਸਰੇ ਖੜਾ ਹੈ। ਇਹ ਗੁਰਮਤਿ ਦੇ ਉਸ ਮੌਲਿਕ ਸਿਧਾਂਤ ਦੀ ਵਿਆਖਿਆ ਦਾ ਸ਼ਿਖ਼ਰ ਹੈ ਜਿਸ ਅਨੁਸਾਰ–"ਗੁਰੂ 'ਇਕ' ਹੈ, ਜਿਸ ਦੀ ਜੋਤਿ ਤੇ ਜੁਗਤਿ ਦਸਾਂ ਜਾਮਿਆਂ ਵਿਚ ਸਮੇਂ ਸਿਰ ਪ੍ਰਜਵਲਤ ਹੋ ਕੇ ਜੀਵਨ-ਜਾਚ ਦਸਦੀ ਰਹੀ ਹੈ। ਅਜ ਉਹੋ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਥਿਤ ਹੈ ਅਤੇ ਜੁਗਤਿ ਖਾਲਸਾ ਪੰਥ ਕੋਲ ਹੈ।" ਇਸ ਮੁਢਲੇ ਅਕੀਦੇ ਨੂੰ ਰਬਾਬੀ ਰਾਇ ਬਲਵੰਡ ਅਤੇ ਸਤੇ ਡੂਮ ਨੇ ਰਾਮਕਲੀ ਰਾਗ ਵਿਚ ਇਉਂ ਦਰਸਾਇਆ ਹੈ ਕਿ "ਗੁਰੂ ਕੇਵਲ ਕਾਇਆਂ ਪਲਟਦੇ ਰਹੇ, ਉਨ੍ਹਾਂ ਦੀ ਜੋਤਿ ਤੇ ਜੁਗਤਿ ਇਕੋ ਹੀ ਸੀ" :

> "ਜੋਤਿ ਓਹਾ ਜੁਗਤਿ ਸਾਇ
> ਸਹਿ ਕਾਇਆ ਫੇਰਿ ਪਲਟੀਐ ॥"

[ਪੰਨਾ ਗੁਰੂ ਗ੍ਰੰਥ ਸਾਹਿਬ, ੯੬੬

ਦਬਿਸਤਾਨ-ਏ-ਮਜ਼ਾਹਿਬ ਦੇ ਪ੍ਰਸਿਧ ਲਿਖਾਰੀ ਮੁਹਸਿਨ ਫ਼ਾਨੀ* ਨੇ ਗੁਰੂ-ਜੋਤਿ ਦੀ ਇਸ ਏਕਤਾ ਤੇ ਨਿਰੰਤਰਤਾ (Continuity) ਦੇ ਸਿਧਾਂਤ ਦੀ ਪ੍ਰੋੜ੍ਹਤਾ ਕਰਦਿਆਂ ਲਿਖਿਆ ਹੈ ਕਿ ਇਨ੍ਹਾਂ ਦਾ (ਸਿਖਾਂ ਦਾ) ਦ੍ਰਿੜ੍ਹ ਨਿਸਚਾ ਹੈ ਕਿ ਸਾਰੇ ਗੁਰੂ, ਗੁਰੂ ਨਾਨਕ ਸਰੂਪ ਹਨ :

"ਏਸ਼ਾਂ ਰਾ ਅਕੀਦਾ ਅਸਤ ਕਿ ਹਮਾਂ ਗੁਰੂ ਨਾਨਕ ਅੰਦ" । ਮੁਹਸਿਨ ਫ਼ਾਨੀ ਦੀ ਲਿਖਤ ਦੇ ਇਹ ਸ਼ਬਦ ਧਿਆਨ ਗੋਚਰੇ ਹਨ : "ਹਰ ਗੁਰੂ ਦਾ ਨਾਂ 'ਮਹਲ' ਰਖਿਆ ਗਿਆ। ਮਹਲ ਪਹਿਲਾ ਨਾਨਕ ਸੀ, ਅਤੇ ਦੂਜਾ ਅੰਗਦ। ਇਸੀ ਪ੍ਰਕਾਰ

---

* ਮੁਹਸਿਨ ਫ਼ਾਨੀ ਦਾ ਅਸਲੀ ਨਾਂ ਮੂਬਿਦ ਜ਼ੁਲਫ਼ਕਾਰ ਅਰਦਿਸਤਾਨੀ ਸੀ। ਉਹ ਗੁਰੂ ਹਰਿਗੋਬਿੰਦ ਸਾਹਿਬ ਅਤੇ ਗੁਰੂ ਹਰਿਰਾਇ ਜੀ ਦਾ ਸਮਕਾਲੀ ਹੋਣ ਦੇ ਨਾਲ ਨਾਲ, ਉਨ੍ਹਾਂ ਦਾ ਨਿਕਟਵਰਤੀ ਵੀ ਸੀ। ਉਹ ਛੇਵੇਂ ਪਾਤਸ਼ਾਹ ਨਾਲ ਚਿੱਠੀ ਪੱਤਰ ਵੀ ਕਰਦਾ ਰਿਹਾ ਅਤੇ ਉਸਦੇ ਕਹਿਣ ਤੇ ਹੀ ਗੁਰੂ ਸਾਹਿਬ ਨੇ ਚਿੱਠੀ ਤੇ ਆਪਣੇ ਦਸਖ਼ਤ 'ਨਾਨਕ' ਕਰਕੇ ਲਿਖੇ ਸਨ।



www.AKJ.Org

ਗੁਰੂ ਅਰਜਨ ਪੰਜਵੇਂ 'ਮਹਲ' ਸਨ। ਉਨ੍ਹਾਂ (ਸਿਖਾਂ) ਦੇ ਵਿਚਾਰ ਹਨ ਕਿ ਜੋ ਸ਼ਖ਼ਸ ਗੁਰੂ ਅਰਜਨ ਨੂੰ ਬਾਬਾ ਨਾਨਕ ਨਹੀਂ ਮੰਨਦੇ, ਉਹ ਮਨਮੁਖ ਤੇ ਕਾਫ਼ਰ ਹਨ।"*

ਗੁਰੂ ਗੋਬਿੰਦ ਸਿੰਘ ਜੀ ਨੇ 'ਬਚਿੱਤਰ ਨਾਟਕ' ਵਿਚ ਗੁਰੂਤ੍ਵ ਦੀ ਏਕਤਾ ਦੀ ਅਹਿਮੀਅਤ ਨੂੰ ਸਪੱਸ਼ਟ ਕਰਦਿਆਂ ਫੁਰਮਾਇਆ ਹੈ ਕਿ ਇਸ ਬੁਨਿਆਦੀ ਅਸੂਲ ਨੂੰ ਸਮਝੇ ਬਿਨਾਂ ਸਿਖੀ ਦੇ ਮਰਮ ਨੂੰ ਪਾਇਆ ਹੀ ਨਹੀਂ ਜਾ ਸਕਦਾ। ਵਿਰਲਿਆਂ ਚੋਂ ਵਿਰਲੇ ਹੀ ਇਸ ਰਮਜ਼ ਨੂੰ ਪਾ ਕੇ ਆਤਮਿਕ ਉਚਤਾ ਹਾਸਲ ਕਰਦੇ ਹਨ:

ਸ੍ਰੀ ਨਾਨਕ ਅੰਗਦ ਕਰਿ ਮਾਨਾ॥
ਅੰਗਦ ਅਮਰਦਾਸ ਪਹਿਚਾਨਾ॥
ਅਮਰਦਾਸ ਰਾਮਦਾਸ ਕਹਾਯੋ॥
ਸਾਧਨ ਲਖਾ ਮੂੜ੍ਹ ਨਹਿ ਪਾਯੋ॥੯॥
ਭਿੰਨ ਭਿੰਨ ਸਭਹੂ ਕਰਿ ਜਾਨਾ॥
ਏਕ ਰੂਪ ਕਿਨਹੂੰ ਪਹਿਚਾਨਾ॥
ਜਿਨ ਜਾਨਾ ਤਿਨ ਹੀ ਸਿਧ ਪਾਈ॥
ਬਿਨ ਸਮਝੇ ਸਿਧ ਹਾਥ ਨ ਆਈ॥੧੦॥

[ਬਚਿੱਤਰ ਨਾਟਕ

ਭਾਈ ਨੰਦ ਲਾਲ 'ਗੋਯਾ' ਦਸਵੇਂ ਪਾਤਸ਼ਾਹ ਦੀ ਹਜ਼ੂਰੀ ਵਿਚ ਰਹਿਣ ਵਾਲਾ ਆਪਣੇ ਸਮੇਂ ਦਾ ਫ਼ਾਰਸੀ ਦਾ ਮਹਾਨ ਵਿਦਵਾਨ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਪਾਵਨ ਸਰੂਪ ਦੇ ਸ਼ੀਸ਼ੇ ਵਿਚੋਂ ਉਸ ਨੇ 'ਨਾਨਕ-ਜੋਤਿ' ਦੇ ਜਲਵੇ ਨੂੰ ਪਰਤੱਖ ਤੌਰ ਤੇ ਅਨੁਭਵ ਕੀਤਾ ਅਤੇ ਲਿਖਿਆ—"ਗੁਰੂ ਗੋਬਿੰਦ ਸਿੰਘ ਜੀ ਵੀ ਉਹ ਹੀ ਹਨ ਜੋ ਗੁਰੂ ਨਾਨਕ ਸਾਹਿਬ ਹਨ। ਉਹ ਹੀ ਰਤਨ ਮੋਤੀ ਅਤੇ ਉਹ ਹੀ ਮਾਣਕ ਹਨ। ਇਕੋ ਹੀ ਮਾਲਾ ਹੈ, ਉਸ ਦੇ ਸਾਰੇ ਮਣਕੇ ਹਨ:—

ਹਮੂ ਗੁਰੂ ਗੋਬਿੰਦ ਸਿੰਘ ਹਮੂ ਨਾਨਕ ਅਸਤ॥
ਹਮੂ ਰਤਨ ਜੌਹਰ, ਹਮੂ ਮਾਣਕ ਅਸਤ॥੨੮॥

[ਜੋਤਿ ਬਿਗਾਸ

ਆਮ ਇਤਿਹਾਸਕਾਰ ਅਤੇ ਬਹੁਤੇ ਜਗਿਆਸੂ ਭੁਲੇਖੇ ਦਾ ਸ਼ਿਕਾਰ ਹੋ ਕੇ ਸਤਿਗੁਰਾਂ ਦੀ ਗਿਣਤੀ 'ਦਸ' ਮੰਨ ਲੈਂਦੇ ਹਨ, ਪਰੰਤੂ ਗੁਰਮਤਿ ਦੀ ਸੋਝੀ ਰਖਣ ਵਾਲਿਆਂ ਦੀ ਦ੍ਰਿਸ਼ਟੀ ਵਿਚ ਇਕੋ ਇਕ 'ਨਾਨਕ-ਜੋਤਿ' ਹੀ ਗੁਰੂ ਹੈ, ਜੋ ਸਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ "ਸ਼ਬਦ-ਜੋਤਿ" ਦੇ ਰੂਪ ਵਿਚ ਦਗ ਦਗ ਕਰਕੇ ਜਗਮਗਾ ਰਹੀ ਹੈ। ਪ੍ਰਿੰਸੀਪਲ ਸਤਿਬੀਰ ਸਿੰਘ* ਨੇ ਲਿਖਿਆ ਹੈ ਕਿ—

"ਗੁਰੂ ਨਾਨਕ ਜੀ ਸ਼ਬਦ ਦਾ ਪਰਚਾ ਲੈ ਆਏ ਸਨ ਅਤੇ ਸ਼ਬਦ ਦੇ ਹੀ ਲੜ ਲਗਾਉਣ ਦਾ ਉਪਰਾਲਾ ਸਾਰੀ ਉਮਰ ਕਰਦੇ ਰਹੇ। ਸ਼ਬਦ ਨਾਲ ਹੀ ਸਿਧ ਮੰਡਲੀ ਤੇ ਸਾਰੀ ਸ੍ਰਿਸ਼ਟੀ ਜਿਤੀ। ਸ਼ਬਦ ਦੀ ਜ਼ਿਮੇਵਾਰੀ ਉਠਾਉਣ ਲਈ ਸਿਖ ਅਜੇ ਤਿਆਰ ਨਹੀਂ ਸਨ ਹੋਏ। ਉਨ੍ਹਾਂ ਜਦ ਭਾਈ ਲਹਿਣਾ ਡਿਠਾ ਤਾਂ ਉਸ ਨੂੰ ਸ਼ਬਦ ਦੀ ਥਾਪਣਾ ਦੇ ਕਰ ਜੋਤੀ ਜੋਤਿ ਸਮਾ ਗਏ। ਫਿਰ ਇਹ ਸ਼ਬਦ-ਜੋਤਿ ਖਡੂਰ ਤੋਂ ਗੋਇੰਦਵਾਲ ਤੇ ਫਿਰ ਸ੍ਰੀ ਅੰਮ੍ਰਿਤਸਰ ਆ ਟਿਕੀ। ਗੁਰੂ ਅਰਜਨ ਨੇ ਸਿਖੀ ਦਾ ਕੇਂਦਰੀ ਅਸਥਾਨ ਅਸਥਾਪਨ ਕਰਨ ਉਪਰੰਤ, ਗੁਰਮਤਿ ਦੇ ਗ੍ਰੰਥ ਦੀ ਬੀੜ ਬੰਨ੍ਹਣ ਦਾ ਫ਼ੈਸਲਾ ਕੀਤਾ। ਗ੍ਰੰਥ ਵਿਚ ਬਾਣੀ ਨੂੰ ਵਿਧਾਨ ਵਾਂਗੂ ਇਕ ਸੰਚੇ ਵਿਚ ਇਕੱਤਰ ਕਰ ਕੇ ਮੁਹਰ ਲਗਾ ਦਿਤੀ। ਜਦ ਸਿਖ ਪੰਥ ਪੂਰੀ ਜ਼ਿਮੇਵਾਰੀ ਚੁਕਣ ਯੋਗ ਹੋ ਗਿਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਾ ਸੰਕੋਚ ਲਿਆ ਤੇ ਇਸ ਦੀ ਜ਼ਿਮੇਵਾਰੀ ਸਾਰੇ ਪੰਥ ਨੂੰ ਪੰਜਾਂ ਪਿਆਰਿਆਂ ਰਾਹੀਂ ਸੌਂਪ ਦਿਤੀ।"

ਦਸਾਂ ਪਾਤਸ਼ਾਹੀਆਂ ਨੇ ੧੪੬੯ ਈ: ਤੋਂ ਲੈ ਕੇ ੧੭੦੮ ਈ: ਤਕ ੨੩੯ ਸਾਲਾਂ ਵਿਚ ਹਰ ਵੇਲੇ, ਹਰ ਥਾਂ, ਹਰ ਇਕ ਨੂੰ ਸ਼ਬਦ ਦੇ ਲੜ ਲਾ ਕੇ ਵਿਚ-

* ਗੁਰਬਖ਼ਸ਼ ਸਿੰਘ, ਮਸਤੀ ਦਾ ਨਮਾਜ਼ੀ, ਪੰਜਾਬੀ ਯੂਨੀਵਰਸਿਟੀ ਪਟਿਆਲਾ (੧੯੭੦), ਪੰਨਾ ੨੮

* ਸਤਿਬੀਰ ਸਿੰਘ, ਪਰਤਖ ਹਰਿ (੧੯੭੭) ਪੰਨਾ ੧੩੧-੩੩



www.AKJ.Org

ਵਿਚੋਲਿਆਂ ਦੀ ਪੂਜਾ ਨੂੰ ਖਤਮ ਕਰ ਦਿਤਾ ਸੀ।

( ੨ )

ਗੁਰੂ ਨਾਨਕ ਦੇਵ ਜੀ ਨੇ ਆਪਣੇ ਨਿਜੀ ਅਨੁਭਵ ਨੂੰ ਪ੍ਰਭਾਤੀ ਰਾਗ ਵਿਚ ਦਰਸਾਂਦਿਆਂ ਫ਼ੁਰਮਾਇਆ ਹੈ ਕਿ ਸਾਰੇ ਸੰਸਾਰ ਦੇ ਕਲਿਆਣ ਲਈ ਧਰਮ ਦਾ ਸਭ ਤੋਂ ਸ੍ਰੇਸ਼ਟ ਅਤੇ ਵਿਸ਼ਵ-ਵਿਆਪੀ ਮਾਰਗ ਸ਼ਬਦ ਦੀ ਕਮਾਈ ਵਾਲਾ ਹੀ ਹੈ, ਸ਼ਬਦ ਦੇ ਪ੍ਰਕਾਸ਼ ਤੋਂ ਬਿਨਾਂ ਆਤਮਿਕ ਹਨੇਰਾ ਦੂਰ ਨਹੀਂ ਹੋ ਸਕਦਾ :

ਇਸ ਜਗ ਮਹਿ ਸਬਦੁ ਕਰਣੀ ਹੈ ਸਾਰੁ ॥
ਬਿਨੁ ਸਬਦੈ ਹੋਰੁ ਮੋਹੁ ਗੁਬਾਰੁ ॥
ਸਬਦੇ ਨਾਮੁ ਰਖੈ ਉਰਿਧਾਰਿ ॥
ਸਬਦੇ ਗਤਿ ਮਤਿ ਮੋਖ ਦੁਆਰੁ ॥੭॥

[ਪ੍ਰਭਾਤੀ ਅਸਟਪਦੀਆ ਮ: ੧, ਪੰਨਾ ੧੩੪੨

ਜਿਸ ਨੂੰ ਵਾਹਿਗੁਰੂ ਦੇ ਦੇਖਣ ਦੀ ਚਾਹ ਹੋਵੇ, ਉਹ ਸ਼ਬਦ ਦੇ ਲੜ ਲਗੇ। ਇਸੇ ਵਿਚ ਹੀ ਸਾਰੇ ਗਿਆਨ-ਧਿਆਨ ਆ ਜਾਂਦੇ ਹਨ। ਸ਼ਬਦ ਦੀ ਕਮਾਈ ਹੀ ਸੱਚਾ 'ਪਰਵਾਨਾ' ਹੈ, ਜੋ ਲੋਕ ਪ੍ਰਲੋਕ ਵਿਚ ਸਹਾਈ ਹੁੰਦਾ ਹੈ :

ਏਕੋ ਗਿਆਨੁ ਧਿਆਨੁ ਧੁਨਿ ਬਾਣੀ ॥
ਏਕੁ ਨਿਰਾਲਮੁ ਅਕਥ ਕਹਾਣੀ ॥
ਏਕੋ ਸਬਦੁ ਸਚਾ ਨੀਸਾਣੁ ॥
ਪੂਰੇ ਗੁਰ ਤੇ ਜਾਣੈ ਜਾਣੁ ॥੩॥

[ਬਸੰਤ ਮ: ੧, ਪੰਨਾ ੧੧੮੮

ਜਦੋਂ ਗੁਰੂ ਨਾਨਕ ਜੀ ਲੰਕਾ ਪੁਜੇ, ਤਾਂ ਜਨਮ ਸਾਖੀ ਵਿਚ ਲਿਖਿਆ ਹੈ ਕਿ ਸਾਰਾ ਮੁਲਕ 'ਵਾਹਿ-ਗੁਰੂ ! ਵਾਹਿਗੁਰੂ !' ਕਰ ਉਠਿਆ। ਰਾਜਾ ਸ਼ਿਵਨਾਭ ਨੇ ਸਦਾ ਦਰਸ਼ਨ ਹੁੰਦੇ ਰਹਿਣ ਦੀ ਬੇਨਤੀ ਕੀਤੀ। ਗੁਰੂ ਸਾਹਿਬ ਨੇ ਉਸ ਨੂੰ ਸ਼ਬਦ ਦ੍ਰਿੜ੍ਹਾਇਆ ਤੇ ਬਚਨ ਕੀਤਾ :

"ਮੇਰਾ ਸਰੀਰ ਜੋ ਤੁਸੀਂ ਦੇਖਦੇ ਹੋ, ਇਹ ਮੇਰਾ ਸਰਗੁਣ ਰੂਪ ਹੈ। ਇਸ ਦੇ ਦਰਸ਼ਨ ਤਾਂ ਉਤਨੀ ਹੀ ਦੇਰ ਤਕ ਹਨ, ਜਦ ਤਕ ਦੇਹ ਹੈ। ਮੇਰਾ ਅਸਲ ਰੂਪ ਅੰਤ੍ਰੀਵ ਨਿਰਗੁਣ ਸ਼ਖਸੀਅਤ ਹੈ। ਉਹ ਜੋਤ ਸਰੂਪ ਹੈ ਅਤੇ ਸ਼ਬਦ ਰਾਹੀਂ ਉਸ ਦੇ ਹਮੇਸ਼ਾ ਦਰਸ਼ਨ ਹੁੰਦੇ ਰਹਿਣਗੇ।"

ਸਿਧਾਂ ਦੀ ਪੁੱਛ ਤੇ ਗੁਰੂ ਨਾਨਕ ਜੀ ਨੇ 'ਬਾਣੀ ਅਤੇ ਸੰਗਤ' ਦੀ ਓਟ ਨੂੰ ਹੀ ਸਭ ਕਰਾਮਾਤਾਂ ਅਤੇ ਸ਼ਕਤੀਆਂ ਦਾ ਮੂਲ ਸੋਮਾ ਦਸਿਆ। ਜਿਥੇ ਸ਼ਬਦ ਦੀ ਧੁਨੀ ਗੂੰਜਦੀ ਹੈ, ਗੁਰੂ ਉਥੇ ਹਾਜ਼ਰ ਹੁੰਦਾ ਹੈ। ਗੁਰਬਾਣੀ ਨੂੰ ਵਕਤ ਸਿਰ ਨੇਮ ਤੇ ਪ੍ਰੇਮ ਨਾਲ ਪੜ੍ਹਨਾ ਕਿਤਨਾ ਕੁ ਜ਼ਰੂਰੀ ਹੈ, ਇਹ "ਵਿਲੂੰਧਰੇ ਪਿੰਡੇ ਦੀ ਸਾਖੀ" ਵਿਚੋਂ ਪ੍ਰਗਟ ਹੁੰਦਾ ਹੈ। ਸਾਖੀ ਦੇ ਅਸਲ ਸ਼ਬਦ ਹਨ :–

"ਇਕ ਦਿਨ ਬਾਬਾ ਇਸਨਾਨੁ ਕਰਦਾ ਸਾ। ਅੰਗਦ ਜੀ ਕਿਆ ਦੇਖੇ, ਸਾਰਾ ਬਾਬੇ ਜੀ ਕਾ ਪਿੰਡਾ ਵਿਲੂੰਧਰਿਆ ਹੋਇਆ ਹੈ। ਤਾਂ ਅੰਗਦ ਪੁਛਿਆ ਬਾਬਾ ਜੀ ਬੇਨਤੀ ਹੈ ਜੁ ਇਹੁ ਕਿਆ ਖਿਆਲੁ ਹੈ। ਤਾਂ ਬਾਬੇ ਕਿਹਾ। ਜੁ ਬਚਾ ਅੰਗਦਾ ਫਲਾਣਾ ਸਿਖ ਅਯਾਲੁ ਝਾੜਾਂ ਦੇ ਵਿਚ ਬਕਰੀਆਂ ਚਰਾਇਦਾ ਫਿਰਦਾ ਹੈ। ਅਤੇ ਨਾਲੇ ਆਰਤੀ ਸੋਹਿਲਾ ਬਹੁਤੁ ਪ੍ਰੀਤਿ ਨਾਲਿ ਪੜ੍ਹਦਾ ਫਿਰਦਾ ਹੈ। ਅਤੇ ਮੇਰਾ ਪ੍ਰਣ ਹੈ ਜਿਥੇ ਆਰਤੀ ਸੋਹਿਲਾ ਹੋਵੈ ਉਥੇ ਜਾਇ ਰਹਣਾ। ਫਿਰ ਉਸ ਸਿਖ ਨੂੰ ਸਦਾਇਆ ਬਹੁਤ ਖੁਸੀ ਹੋਈ। ਜੁ ਬਚਾ ਧਨ ਤੇਰੀ ਪ੍ਰੀਤਿ। ਫਿਰ ਵਾਕ ਹੋਇਆ ਜੁ ਬਚਾ ਸਉਂਦੀ ਵਾਰ ਆਰਤੀ ਪੜ੍ਹਿਆ ਕਰਹੁ। ਸਿਖ ਆਰਤੀ ਪੜ੍ਹਿ ਸੁਣਿ ਕਰਿ ਸਵੈਗਾ ਤਿਸ ਕੇ ਗੁਰੂ ਅੰਗ ਸੰਗਿ ਹੈ।"*

ਭਾਈ ਲਹਿਣਾ ਜੀ ਜਦੋਂ 'ਸ਼ਬਦ' ਦੀ ਕਸਵਟੀ ਤੇ ਪੂਰੇ ਉਤਰੇ ਤਾਂ ਗੁਰੂ ਨਾਨਕ ਜੀ ਨੇ ਗੁਰਗਦੀ ਦੀ ਜਿਮੇਵਾਰੀ ਸਉਂਪਦਿਆਂ ਸ਼ਬਦ ਅਗੇ ਹੀ ਸਿਰ ਨਿਵਾਉਣ ਲਈ ਕਿਹਾ ਤੇ ਫ਼ੁਰਮਾਇਆ ਕਿ ਬਾਣੀ ਨੇ ਹੀ ਸਭ ਨੂੰ ਅਗਵਾਈ ਦੇਣੀ ਹੈ :

* ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਸੰਪਾਦਕ ਡਾ: ਪਿਆਰ ਸਿੰਘ, ਗੁਰੂ ਨਾਨਕ ਯੂਨੀਵਰਸਿਟੀ ਅੰਮ੍ਰਿਤਸਰ, ਪੰਨਾ ੧੪੩



www.AKJ.Org

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥
[ਸੋਰਠਿ ਮ: ੧, ਪੰਨਾ ੬੩੫

ਗੁਰੂ ਨਾਨਕ ਜੀ ਨੇ ਪ੍ਰਸੰਨ ਹੋ ਕੇ ਬਾਣੀ ਦਾ ਖ਼ਜ਼ਾਨਾ ਗੁਰੂ ਅੰਗਦ ਦੇਵ ਦੇ ਹਵਾਲੇ ਕੀਤਾ। ਪੁਰਾਤਨ ਜਨਮ ਸਾਖੀ ਕਹਿੰਦੀ ਹੈ ਕਿ, "ਤਿਤੁ ਮਹਲਿ ਜੋ ਸਬਦੁ ਹੋਆ, ਸੋ ਪੋਥੀ ਜੁ ਬਨਿ, ਗੁਰੂ ਅੰਗਦ ਜੋਗ ਮਿਲੀ॥"‡ ਮਿਹਰਵਾਨ ਜੀ ਨੇ ਵੀ ਗੋਸ਼ਟੀ ਵਿਚ ਲਿਖਿਆ ਹੈ, "ਤਬ ਗੁਰੂ ਬਾਬਾ ਨਾਨਕ ਜੀ ਗੁਰੂ ਅੰਗਦ ਕਉ 'ਸ਼ਬਦ ਦੀ ਥਾਪਣਾ' ਦੇ ਕਰ ਸੰਮਤ ੧੫੯੫ ਅਸੂ ਵਦੀ ਦਸਮੀ ਕਉ ਆਪ ਸਚ-ਖੰਡ ਸਿਧਾਏ।*

ਗੁਰੂ ਅੰਗਦ ਜੀ ਨੇ ਵੇਦਾਂ ਦੀ ਫਿਲਾਸਫ਼ੀ ਅਤੇ ਗੁਰਬਾਣੀ ਵਿਚ ਅਧਭੁਤ ਨਿਖੇੜਾ ਕਰਦਿਆਂ ਸਪੱਸ਼ਟ ਕਰ ਦਿਤਾ ਹੈ ਕਿ ਵੇਦ ਕਰਮ-ਕਾਂਡ ਤਕ ਹੀ ਸੀਮਤ ਰਹਿੰਦੇ ਹਨ ਅਤੇ ਮਨੁੱਖਾਂ ਨੂੰ ਉਚੀਆਂ ਨੀਵੀਆਂ ਜਾਤਾਂ ਤੇ ਜਿਨਸ ਦੇ ਵਿਤਕਰਿਆਂ ਦੇ ਭਰਮ ਵਿਚ ਪਾ ਰਖਦੇ ਹਨ। ਵੇਦਾਂ ਦੀਆਂ ਦਸੀਆਂ ਕਥਾ ਕਹਾਣੀਆਂ ਵਿਚ ਪੁੰਨ ਪਾਪ ਨੂੰ ਵਿਚਾਰਿਆ ਗਿਆ ਹੈ ਅਤੇ ਉਨ੍ਹਾਂ ਦੇ ਆਸ਼ੇ ਅਨੁਸਾਰ ਮਨੁੱਖਾਂ ਨੂੰ ਨਰਕ ਜਾਂ ਸੁਰਗ ਵਿਚ ਵਾਸਾ ਮਿਲਦਾ ਹੈ। ਇਸ ਤਰ੍ਹਾਂ ਵੇਦ ਮਨੁੱਖ ਨੂੰ ਨਿਰੀ ਕਰਮ-ਫ਼ਿਲਾਸਫ਼ੀ ਦੇ ਪਿਛੇ ਪਾ ਦਿੰਦੇ ਹਨ, ਜੋ ਧਰਮ ਦੇ ਜਗਤ ਵਿਚ ਇਕ ਵਾਪਾਰਿਕ ਦ੍ਰਿਸ਼ਟੀਕੋਣ ਹੀ ਹੈ:

ਕਥਾ ਕਹਾਣੀ ਬੇਦੀ ਆਣੀ ਪਾਪੁ ਪੁੰਨੁ
ਬੀਚਾਰੁ ॥ ਦੇ ਦੇ ਲੈਣਾ ਲੈ ਲੈ ਦੇਣਾ
ਨਰਕਿ ਸੁਰਗਿ ਅਵਤਾਰ ॥ ਉਤਮ ਮਧਿਮ
ਜਾਤੀ ਜਿਨਸੀ ਭਰਮਿ ਭਵੈ ਸੰਸਾਰੁ ॥
ਅੰਮ੍ਰਿਤ ਬਾਣੀ ਤਤੁ ਵਖਾਣੀ ਗਿਆਨ
ਧਿਆਨ ਵਿਚਿ ਆਈ ॥ ਗੁਰਮੁਖਿ ਆਖੀ
ਗੁਰਮੁਖਿ ਜਾਤੀ ਸੁਰਤੀ ਕਰਮਿ ਧਿਆਈ ॥
[ਸਲੋਕ ਮ: ੨, ਪੰਨਾ ੧੨੪੩

ਗੁਰੂ ਦੀ ਅੰਮ੍ਰਿਤ ਬਾਣੀ ਅਸਲੀ ਤੱਤ ਦੀ ਗੱਲ ਦਸਦੀ ਹੈ, ਕਿਉਂਕਿ ਇਹ ਬਾਣੀ ਪੂਰਨ ਗਿਆਨ-ਧਿਆਨ ਦੀ ਉਚ-ਅਵਸਥਾ ਵਿਚ 'ਆਈ' ਹੈ। ਗੁਰਬਾਣੀ ਕਰਮਾਂ ਦੀਆਂ ਗਿਣਤੀਆਂ ਅਤੇ ਉਨ੍ਹਾਂ ਦੇ ਫਲ, ਨਰਕ ਸੁਰਗ ਚੋਂ ਕਢ ਕੇ ਸਾਡਾ ਸਿੱਧਾ ਸੰਬੰਧ ਵਾਹਿਗੁਰੂ ਦੀ ਕਿਰਪਾ ਨਾਲ ਜੋੜਦੀ ਹੈ। ਇਸ ਵਿਚ ਜਾਤ ਜਾਂ ਜਿਨਸ, ਧਰਮ ਜਾਂ ਕਰਮ, ਰੰਗ ਜਾਂ ਨਸਲ ਦੇ ਅਧਾਰ ਤੇ ਕਿਸੇ ਕਿਸਮ ਦੇ ਵਿਤਕਰੇ ਨੂੰ ਪ੍ਰਵਾਨ ਨਹੀਂ ਕੀਤਾ ਗਿਆ। ਦੁਨੀਆਂ ਦੀ ਨਿਗਾਹ ਵਿਚ ਜੋ ਅਤਿ ਨੀਵੇਂ ਸਨ, ਉਨ੍ਹਾਂ ਦੀ ਬਾਣੀ ਨੂੰ ਬਰਾਬਰ ਦਾ ਦਰਜਾ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਾਂ ਦੇਣੀ ਧਰਮਾਂ ਦੇ ਇਤਿਹਾਸ ਵਿਚ ਇਕ ਐਸਾ ਕ੍ਰਿਸ਼ਮਾ ਸੀ ਜਿਸ ਦੀ ਮਿਸਾਲ ਹੋਰ ਕਿਧਰੇ ਵੀ ਨਹੀਂ ਮਿਲਦੀ। ਜਿਨ੍ਹਾਂ ਵਿਚਾਰਿਆਂ ਨੂੰ ਕੋਈ ਇਕ ਥਾਂ ਬੈਠਣ ਨਹੀਂ ਸੀ ਦਿੰਦਾ, ਗੁਰੂ ਸਾਹਿਬ ਨੇ "ਬਾਣੀ ਸਭਨਾਂ ਭਗਤਾਂ† ਕੀ ॥ ਕਬੀਰ ਜੀਉ ਨਾਮਦੇਉ ਜੀਉ ਰਵਿਦਾਸ ਜੀਉ" ਦਾ ਸਿਰਲੇਖ ਲਿਖ ਕੇ ਇਕ ਥਾਵੇਂ ਸਿੰਘਾਸਣ ਤੇ ਬਿਠਾ ਦਿਤਾ। ਦੁਨੀਆ ਭਰ ਦੇ ਇਤਿਹਾਸ ਵਿਚ ਐਸਾ ਖੁਲ੍ਹਦਿਲਾ ਸਮਾਨਤਾ ਵਾਲਾ ਧਾਰਮਿਕ ਅਸੂਲ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਦ੍ਰਿਸ਼ਟੀ-ਗੋਚਰ ਹੁੰਦਾ ਹੈ। ਅੱਜ ਸੰਸਾਰ ਜਿਸ ਭਾਵੁਕ ਏਕਤਾ ਤੇ ਧਾਰਮਿਕ ਸਹਿਵਾਸ (Emotional Integration and Religious tolerance) ਦੇ ਤਰਲੇ ਲੈ ਰਿਹਾ ਹੈ, ਉਹ ਤਦੇ ਹੀ ਸੰਭਵ ਹੈ ਜੇਕਰ ਗੁਰਬਾਣੀ ਦੇ ਆਦਰਸ਼ਾਂ ਨੂੰ ਅਪਣਾਇਆ ਜਾਏ।

ਗੁਰੂ ਅਮਰਦਾਸ ਜੀ ਆਪਣਾ ਆਤਮਿਕ

‡ ਪੁਰਾਤਨ ਜਨਮ ਸਾਖੀ, ਸੰਪਾਦਕ ਭਾਈ ਵੀਰ ਸਿੰਘ ਜੀ (੧੯੫੨) ਪੰਨਾ ੧੧੪

* ਸਤਿਬੀਰ ਸਿੰਘ, ਰਛਿਆ ਰਹਿਤ, (੧੯੭੪) ਪੰਨਾ ੭੬

† ਗੁਰੂ ਗ੍ਰੰਥ ਸਾਹਿਬ ਵਿਚ ੧੫ ਭਗਤਾਂ ਦੀ ਬਾਣੀ, ੧੧ ਭੱਟਾਂ ਦੇ ਸਵੱਈਏ ਅਤੇ ੪ ਸਿਖਾਂ ਦੀ ਬਾਣੀ ਗੁਰੂ ਪਾਤਸ਼ਾਹ ਦੇ ਨਾਲ ਦਰਜ ਹੈ।



www.AKJ.Org

ਤਜਰਬਾ ਬਿਆਨ ਕਰਦੇ ਹੋਏ ਪਿਆਰ ਨਾਲ ਦਰਸਾਂਦੇ ਹਨ ਕਿ "ਹੇ ਭਾਈ। ਅਸੀਂ ਸ਼ਬਦ ਦੀ ਚੋਟ ਨਾਲ ਮਰੇ, ਸ਼ਬਦ ਨੇ ਸਾਡੀ ਹੰਗਤਾ ਨੂੰ ਖ਼ਤਮ ਕਰ ਕੇ ਸੰਸਾਰਿਕ ਬੰਧਨਾਂ ਤੋਂ ਅਜ਼ਾਦ ਕਰ ਦਿਤਾ, ਸ਼ਬਦ ਦੀ ਬਰਕਤ ਨਾਲ ਹੀ ਸਾਨੂੰ ਨਵਾਂ ਆਤਮ ਜੀਵਨ ਪ੍ਰਾਪਤ ਹੋਇਆ ਅਤੇ ਵਾਹਿਗੁਰੂ ਨਾਲ ਅਸੀਂ ਇਕਮਿਕ ਹੋ ਗਏ। ਸ਼ਬਦ ਹੀ ਸਾਡਾ ਗੁਰੂ ਹੈ, ਜੋ ਸਾਰੀਆਂ ਦਾਤਾਂ ਦਾ ਮੂਲ ਸੋਮਾ ਹੈ" :—

ਹਮ ਸਬਦਿ ਮੁਏ ਸਬਦਿ ਮਾਰਿ ਜੀਵਾਲੇ ਭਾਈ
ਸਬਦੇ ਹੀ ਮੁਕਤਿ ਪਾਈ ॥
ਸਬਦੇ ਮਨੁ ਤਨੁ ਨਿਰਮਲ ਹੋਇਆ
ਹਰ ਵਸਿਆ ਮਨਿ ਆਈ ॥
ਸਬਦੁ ਗੁਰ ਦਾਤਾ ਜਿਤੁ ਮਨੁ ਰਾਤਾ
ਹਰਿ ਸਿਉ ਰਹਿਆ ਸਮਾਈ ॥

[ਸੋਰਠਿ ਮ: ੩, ਪੰਨਾ ੬੦੧

ਇਹ ਗੁਰੂ ਅਮਰਦਾਸ ਜੀ ਦੀ ਸਵੈ-ਜੀਵਨੀ ਹੈ। ਉਨ੍ਹਾਂ ਦਾ ਗੁਰਤਾ-ਪਦ ਦੀ ਪ੍ਰਾਪਤੀ ਦਾ ਰਹੱਸ ਸ਼ਬਦ ਦੇ ਪੱਧਰ ਤਕ ਜੀਵਨ ਨੂੰ ਢਾਲਣ ਵਿਚ ਸਮੋਇਆ ਹੋਇਆ ਹੈ। ਉਨ੍ਹਾਂ ਲਗਾਤਾਰ ੧੨ ਸਾਲ ਸ਼ਬਦ ਦੀ ਕਮਾਈ ਕੀਤੀ ਤੇ ਕਿਰਪਾ ਦੀ ਘਾਲ ਘਾਲੀ। ਜਦੋਂ 'ਸ਼ਬਦ-ਜੋਤਿ' ਦਾ ਪ੍ਰਚੰਡ ਉਜਾਲਾ ਉਨ੍ਹਾਂ ਦੇ ਹਿਰਦੇ-ਘਰ ਵਿਚ ਹੋ ਗਿਆ ਤਾਂ ਉਹ ਗੁਰੂ ਨਾਨਕ ਹੋ ਨਿਬੜੇ। ਬਸ ਫਿਰ ਉਨ੍ਹਾਂ ਦਾ ਜੀਵਨ ਸ਼ਬਦ ਦੇ ਐਨ ਮੁਤਾਬਿਕ ਹੋ ਗਿਆ :—

ਆਖਣੁ ਵੇਖਣੁ ਬੋਲਣਾ ਸਬਦੇ ਰਹਿਆ ਸਮਾਇ ॥
ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ ॥

[ਸਿਰੀ ਰਾਗ ਮ: ੩, ਪੰਨਾ ੩੫

ਗੁਰੂ ਅਮਰਦਾਸ ਜੀ "ਕਚੀ-ਬਾਣੀ"* ਤੋਂ ਸੁਚੇਤ ਕਰਦੇ ਰਹੇ, ਤਾਂਕਿ ਸਿਖ ਨਕਲੀ ਸੋਨੇ ਤੋਂ ਖ਼ਬਰਦਾਰ ਰਹਿਣ। ਇਸ ਲਈ ਉਨ੍ਹਾਂ ਆਪਣਾ ਸਾਰਾ ਪਰਵਾਰ ਗੁਰਬਾਣੀ ਦੀਆਂ ਪੋਥੀਆਂ ਲਿਖਣ ਵਲ ਲਾ ਦਿਤਾ। ਪੁੱਤਰ ਮੋਹਨ ਤੇ ਪੋਤਰੇ ਸਹੰਸ੍ਰ ਰਾਮ ਨੇ ਇਸ ਕਾਰਜ ਵਿਚ ਢੇਰ ਹਿੱਸਾ ਪਾਇਆ। ਗੁਰੂ ਅਮਰਦਾਸ ਜੀ ਜਦ (ਗੁਰੂ) ਰਾਮਦਾਸ ਜੀ ਨੂੰ ਗੱਦੀ ਦੇਣ ਲਗੇ† ਤਾਂ ਇਹ ਹੀ ਦ੍ਰਿੜ੍ਹ ਕਰਾਇਆ ਕਿ "ਗੁਰਬਾਣੀ ਦੀ ਦਾਤਿ ਬਹੁਤ ਵੱਡੀ ਹੈ ਅਤੇ ਇਸ ਨੂੰ ਸਤਿਗੁਰੂ ਹੀ ਝੱਲ ਸਕਦਾ ਹੈ" :—

ਪਰਾਈ ਅਮਾਣ ਕਿਉ ਰਖੀਐ
ਦਿਤੀ ਹੀ ਸੁਖੁ ਹੋਇ ॥
ਗੁਰ ਕਾ ਸਬਦੁ ਗੁਰ ਥੈ ਟਿਕੈ
ਹੋਰਥੈ ਪਰਗਟੁ ਨ ਹੋਇ ॥

[ਸਲੋਕ ਮ: ੩, ਪੰਨਾ ੧੨੪੯

ਬਾਬਾ ਸੁੰਦਰ ਜੀ ਦੀ ਗਵਾਹੀ ਹੈ ਕਿ ਗੁਰੂ ਰਾਮਦਾਸ ਜੀ ਨੂੰ ਗੁਰਿਆਈ ਦਾ ਟਿਕਾ "ਸਬਦੁ ਸਚੁ ਨੀਸਾਣੁ" ਦੇ ਰੂਪ ਵਿਚ ਪ੍ਰਾਪਤ ਹੋਇਆ :

ਰਾਮਦਾਸ ਸੋਢੀ ਤਿਲਕੁ ਦੀਆ
ਗੁਰ ਸਬਦੁ ਸਚੁ ਨੀਸਾਣੁ ਜੀਉ ॥

[ਰਾਮਕਲੀ ਸਦ, ਪੰਨਾ ੯੨੩

ਗੁਰੂ ਰਾਮਦਾਸ ਜੀ ਪ੍ਰੇਮ-ਤਰੰਗਾਂ ਦੀ ਵਿਸਮਾਦੀ ਅਵਸਥਾ ਵਿਚ ਜਦੋਂ ਬਾਣੀ ਉਚਾਰਦੇ ਤਾਂ ਉਨ੍ਹਾਂ ਦੇ ਪਾਵਨ ਨੇਤਰਾਂ ਵਿਚੋਂ ਝਿਮ ਝਿਮ ਕਰ ਕੇ ਅੰਮ੍ਰਿਤ ਦੀ ਧਾਰਾ ਵਹਿ ਤੁਰਦੀ "ਮੈ ਨੀਰ ਵਹੇ ਵਹਿ ਚਲੈ ਜੀਉ" ਦੀ ਹਾਲਤ ਤਾਰੀ ਹੋ ਜਾਂਦੀ। ਉਨ੍ਹਾਂ ਦੇ ਅੰਮ੍ਰਿਤਮਈ ਬਚਨ ਸਿਖਾਂ ਦੇ ਹਿਰਦਿਆਂ ਵਿਚ ਗੁਰਬਾਣੀ ਦੇ ਲਈ ਅਥਾਹ ਸ਼ਰਧਾ ਤੇ ਵਿਸ਼ਵਾਸ ਨੂੰ ਪੱਕਾ ਕਰਨ ਦੀ ਅਦਭੁਤ ਸਮੱਰਥਾ ਰਖਦੇ ਹਨ, ਜਿਨ੍ਹਾਂ ਦੀ ਪ੍ਰੇਰਨਾ ਸਦਕਾ ਸਾਡਾ ਸਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਆਪ-ਮੁਹਾਰੇ ਹੀ ਝੁਕ ਜਾਂਦਾ ਹੈ :—

(ੳ) ਸਤਿਗੁਰ ਕੀ ਬਾਣੀ ਸਤਿ ਸਤਿ ਕਰਿ
ਜਾਣਹੁ ਗੁਰਸਿਖਹੁ ਹਰਿ ਕਰਤਾ ਆਪਿ
ਮੁਹਹੁ ਕਢਾਏ ॥ [ਮ: ੪, ਪੰਨਾ ੩੦੮

---

*ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ ॥
[ਰਾਮਕਲੀ ਮ: ੩ ਅਨੰਦੁ, ਪੰਨਾ ੯੨੦

†ਦੇਖੋ ਸ਼ਬਦਾਰਥ ਪੋਥੀ ਚੌਥੀ, ਪੰਨਾ ੧੨੪੯, ਨੋਟ ੧੪.



www.AKJ.Org

(ਅ) ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤ ਸਾਰੇ ॥
[ਨਟ ਮ: ੪, ਪੰਨਾ ੯੮੨

ਭਾਈ ਮਨੀ ਸਿੰਘ ਜੀ ਨੇ 'ਸਿਖਾਂ ਦੀ ਭਗਤਮਾਲ' ਵਿਚ ਲਿਖਿਆ ਹੈ ਕਿ "ਮਈਆ ਜਾਪਾ ਨਈਆ ਖੁਲਰੁ ਜਾਤ ਤੇ ਤੁਲਸਾ ਵਹੁਰਾ ਚਾਹੇ ਗੁਰੂ ਰਾਮਦਾਸ ਜੀ ਦੀ ਸਰਣਿ ਆਏ। ਉਨ੍ਹਾਂ ਬੇਨਤੀ ਕੀਤੀ : ਜੀ ਅਸਾਨੂੰ ਐਸਾ ਉਪਦੇਸ਼ ਕਰੋ ਜੋ ਵਿਚੇ ਗ੍ਰਿਹਸਤ ਦੇ ਅਸਾਨੂੰ ਉਦਾਸੀ ਹੋਵੇ। ਤਾਂ ਬਚਨ ਹੋਇਆ : ਜੈਸੇ ਆਪਣੇ ਘਰ ਦਿਆਂ ਕੰਮਾਂ ਨਾਲ ਪਿਆਰ ਕਰਦੇ ਹੋ ਤੈਸੇ ਗੁਰੂ ਕੀ ਬਾਣੀ ਨਾਲ ਪਿਆਰ ਕਰੋ। ਜਿਸ ਵੇਲੇ ਗੁਰੂ ਕੀ ਸ਼ਬਦ-ਬਾਣੀ ਨੂੰ ਪੜ੍ਹਨ ਸੁਣਨ ਬੈਠੋ ਤਾਂ ਸ਼ਬਦ ਦੇ ਅਰਥ ਤੇ ਪ੍ਰਯੋਜਨ ਵਲ ਧਿਆਨ ਰਖਣਾ।"*

ਗੁਰੂ ਰਾਮਦਾਸ ਜੀ ਨੇ ੩੦ ਰਾਗਾਂ ਵਿਚ ਬਾਣੀ ਉਚਾਰੀ। ਉਹ ਖ਼ੁਦ ਵੀ ਹਥੀਂ ਬਾਣੀ ਲਿਖਦੇ ਸਨ, ਕਿਉਂਕਿ ਜਦੋਂ ਪੰਚਮ ਪਾਤਸ਼ਾਹ ਨੇ ਆਦਿ ਗ੍ਰੰਥ ਦੀ ਬੀੜ ਬੰਨ੍ਹੀ ਤਾਂ 'ਜਪੁ ਜੀ' ਦਾ ਉਤਾਰਾ ਉਸੇ ਖਰੜੇ ਤੋਂ ਕੀਤਾ ਸੀ ਜੋ ਪਿਤਾ-ਗੁਰੂ ਨੇ ਆਪੂੰ ਲਿਖਿਆ ਸੀ। ਕਰਤਾਰਪੁਰ ਵਾਲੀ ਬੀੜ ਦੇ ਅਰੰਭ ਵਿਚ ਜੋ ਸਿਰਲੇਖ "ਜਪੁ ਰਾਮਦਾਸ ਕਾ" ਲਿਖਿਆ ਹੋਇਆ ਹੈ, ਉਹ ਇਸੇ ਗਲ ਨੂੰ ਪ੍ਰਗਟ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਬਖ਼ਸ਼ਿਸ਼ ਕਰਦੇ ਹੋਏ ਆਪਣੀ ਹੀ ਨਿਗਰਾਨੀ ਵਿਚ ਭਾਈ ਗੁਰਦਾਸ ਜੀ ਤੋਂ ਆਦਿ ਗ੍ਰੰਥ ਦੀ ਬੀੜ ਲਿਖਵਾ ਕੇ ਸੰਪਾਦਿਤ ਕੀਤੀ, ਜਿਸ ਦਾ 'ਪਹਿਲਾ ਪ੍ਰਕਾਸ਼' ਭਾਦੋਂ ਸੁਦੀ ਏਕਮ ਸੰਮਤ ੧੬੬੧ ਨੂੰ, (੩੦ ਅਗਸਤ ੧੬੦੪ ਈ:) ਵਾਲੇ ਦਿਨ ਹਰਿਮੰਦਰ ਸਾਹਿਬ ਵਿਖੇ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਨੇ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਫ਼ੁਰਮਾਇਆ ਕਿ "ਸਤਿਗੁਰ ਦਾ ਸਰੀਰ ਤਾਂ ਹਰ ਸਮੇਂ ਕੋਈ ਦੇਖ ਨਹੀਂ ਸਕਦਾ ਅਤੇ ਨ ਹੀ ਰਹਿਣ ਵਾਲਾ ਹੈ। ਗੁਰੂ ਗ੍ਰੰਥ ਹੀ ਗੁਰੂ ਦਾ ਰਿਦਾ ਹੈ ਜੋ ਹਰ ਥਾਂ, ਹਰ ਵੇਲੇ ਪਰਖਿਆ ਤੇ ਦੇਖਿਆ ਜਾ ਸਕਦਾ ਹੈ।

ਸ੍ਰੀ ਗੁਰੂ ਕੇਰ ਸਰੀਰ ਜਉ
ਸਭਿ ਥਾਨ ਸਮੈ ਸਭਿ ਨ ਦਰਸੈ ਹੈ ॥
ਗ੍ਰਿੰਥ ਰਿਦਾ ਗੁਰ ਕਉ ਇਹ ਜਾਨਹੁ
ਉਤਮ ਹੈ, ਸਭ ਕਾਲ ਰਹੈ ॥

ਇਹ ਵੀ ਹੁਕਮ ਕੀਤਾ ਕਿ ਬਾਣੀ ਦਾ ਅਦਬ ਉਨ੍ਹਾਂ ਦੇ ਸਰੀਰ ਨਾਲੋਂ ਵਧ ਕਰਨਾ।

ਮੇਰੇ ਸਰੂਪ ਤੇ ਯਾਤੇ ਹੈ ਦੀਰਘ
ਸਾਹਿਬ ਜਾਨਿ ਅਦਾਇਬ ਕੈ ਹੈ ॥

ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਬਣੇ ਤੇ ਗੁਰੂ ਅਰਜਨ ਜੀ ਚੌਰ-ਬਰਦਾਰ। ਹਰਿਮੰਦਰ ਸਾਹਿਬ 'ਬੀੜ ਸਾਹਿਬ' ਨੂੰ ਸਜੇ ਹੋਏ ਤਖ਼ਤ ਤੇ ਟਿਕਾਇਆ ਗਿਆ ਤੇ ਪੰਚਮ ਪਾਤਸ਼ਾਹ ਨੇ ਬਾਬਾ ਬੁਢਾ ਜੀ ਨੂੰ ਵਾਕ* ਲੈਣ ਲਈ ਕਿਹਾ। ਵਾਕ ਸੂਹੀ ਮਹਲਾ ਪੰਜਵਾਂ ਦਾ ਸੀ, ਜਿਸ ਦੀਆਂ ਪਹਿਲੀਆਂ ਤੁਕਾਂ ਇਹ ਸਨ :

ਸੰਤਾ ਕੇ ਕਾਰਜਿ ਆਪਿ ਖਲੋਇਆ
ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲ ਸੁਹਾਵਾ
ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥

ਗੁਰੂ ਅਰਜਨ ਸਾਹਿਬ ਨੇ "ਆਦਿ ਗ੍ਰੰਥ" ਦਾ ਹਰਿਮੰਦਰ ਸਾਹਿਬ ਪ੍ਰਕਾਸ਼ ਕਰ ਕੇ ਆਪਣੇ ਲਈ ਲਾਗੇ ਹੀ ਇਕ ਗੜ੍ਹਾ ਖੁਦਵਾਇਆ ਤੇ ਉਸ ਵਿਚ ਆਪ ਜੀ ਆਸਣ ਲਗਾ ਕੇ ਬੈਠਦੇ, ਤਾਂਕਿ ਹੁਣ ਸੰਗਤਾਂ ਗੁਰੂ ਗ੍ਰੰਥ ਵਲ ਦੇਖਣ, ਗੁਰੂ ਅਰਜਨ ਵਲ ਨਾ। ਰਾਤੀਂ ਗੁਰੂ ਗ੍ਰੰਥ ਸਾਹਿਬ ਦਾ ਸੁਖ-ਆਸਨ ਆਪਣੇ ਨਿਜੀ ਅਸਥਾਨ ਤੇ ਕਰਦੇ ਅਤੇ ਆਪ ਜੀ ਭੁੰਜੇ ਹੀ ਸੌਂ ਜਾਂਦੇ :

ਭੂਮ ਸੈਨ ਨਿਤ ਪ੍ਰਤ ਕਰੈ ਗੁਰੂ ਗ੍ਰੰਥ ਕੇ ਪਾਸ ॥
ਗੁਰੂ ਗ੍ਰੰਥ ਭਗਵੰਤ ਸਮ ਜਾਨੈ ਕਰ ਅਰਦਾਸ ॥
[ਗੁਰ ਬਿਲਾਸ ਪਾਤਸ਼ਾਹੀ ੬

* ਭਾਈ ਮਨੀ ਸਿੰਘ ਜੀ, ਸਿਖਾਂ ਦੀ ਭਗਤਮਾਲ, ਸੰਪਾਦਕ ਭਾਈ ਵੀਰ ਸਿੰਘ ਜੀ (ਚੌਥੀ ਐਡੀਸ਼ਨ), ਪੰਨਾ ੭੧

* ਸਤਿਬੀਰ ਸਿੰਘ, ਪਰਤਖ ਹਰਿ, ਪੰਨਾ ੧੪੫



www.AKJ.Org

ਗੁਰੂ ਹਰਿਗੋਬਿੰਦ ਜੀ ਨੇ ਤਾਂ ਇਥੋਂ ਤਕ ਹੁਕਮ ਕਰ ਦਿਤਾ ਕਿ "ਹਰ ਉਸ ਸਿਖ ਨੂੰ ਗੁਰੂ ਦਾ ਰੂਪ ਜਾਣੋ ਜੋ ਗੁਰਬਾਣੀ ਪੜ੍ਹਦਾ ਤੁਹਾਡੇ ਦਰਵਾਜ਼ੇ ਆਉਂਦਾ ਹੈ।"* ਇਤਿਹਾਸਕ ਗਵਾਹੀ ਹੈ ਕਿ ਭਾਈ ਗੁਪਾਲਾ ਜੀ ਨੇ ਹਰਿਗੋਬਿੰਦਪੁਰ ਦੇ ਵਿਚ ਜਦੋਂ 'ਜਪੁ ਜੀ ਸਾਹਿਬ' ਦਾ ਸ਼ੁਧ ਪਾਠ ਇਕਾਗਰਤਾ ਦੇ ਨਾਲ ਸੁਣਾਇਆ, ਤਾਂ ਛੇਵੇਂ ਪਾਤਸ਼ਾਹ ਗੁਰਗੱਦੀ ਦੇਣ ਲਗੇ। ਪਰੰਤੂ ਜਦੋਂ ਉਨ੍ਹਾਂ ਭਾਈ ਸਾਹਿਬ ਦੇ ਮਨ ਦੀ ਦਸ਼ਾ ਨੂੰ ਵੇਖਿਆ ਤਾਂ ਕਹਿਣ ਲਗੇ, "ਲੈ ਭਾਈ! ਤੇਰੀ ਇੱਛਾ ਅਨੁਸਾਰ ਘੋੜਾ ਹਾਜ਼ਿਰ ਹੈ। ਲੈ ਤਾਂ ਗੁਰਿਆਈ ਚਲਿਆ ਸੈਂ ਪਰ ਤੇਰੇ ਭਾਗ। ਆਖ਼ਿਰੀ ਪਉੜੀ ਉਤੇ ਪੁਜ ਕੇ ਭਾਈ ਸਭਾਗੇ ਦੇ ਲਿਆਂਦੇ ਚੀਨੇ ਘੋੜੇ ਦਾ ਸੰਕਲਪ ਕਰ ਬੈਠੋਂ। ਸਾਰਿਆਂ ਦੇਖਿਆ ਕਿ ਜਦ ਤੂੰ ਪਾਠ ਕਰ ਰਿਹਾ ਸੈਂ, ਅਸੀਂ ਮੰਜਾ ਛਡ ਰਹੇ ਸਾਂ। ਜੇ ਇਕ ਮਨ ਚਿਤ ਇਕਾਗਰ ਸਾਰਾ ਪਾਠ ਕਰ ਜਾਂਦੋਂ ਤਾਂ ਗੁਰਿਆਈ ਦਾ ਹਕਦਾਰ ਸੈਂ। ਰੱਬ ਨੂੰ ਸੰਸਾਰੀ ਰਸਾਂ ਵਿਚ ਵਟਾ ਲਿਆ।‡

ਜਿਸ ਹਿਰਦੇ ਵਿਚ ਸ਼ਬਦ ਵਸ ਜਾਏ, ਉਹ ਗੁਰੂ ਸਮਾਨ (ਗੁਰਮੁਖਿ) ਹੋ ਜਾਂਦਾ ਹੈ। ਢਾਕੇ ਦਾ ਨਿਵਾਸੀ ਭਾਈ ਮੋਹਣ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਕਰਨ ਆਇਆ ਤਾਂ ਉਸ ਨੂੰ ਉਪਦੇਸ਼ ਕਰਦੇ ਹੋਏ ਗੁਰੂ ਪਾਤਸ਼ਾਹ ਨੇ ਸ਼ਬਦ ਦੀ ਮਹਾਨਤਾ ਦ੍ਰਿੜ੍ਹ ਕਰਵਾਈ ਤੇ ਬਚਨ ਕੀਤਾ :—

"ਇਹੁ ਸਰੀਰ ਤੁਸਾਡਾ ਪੰਜਾਂ ਤਤਾਂ ਦਾ ਹੈ ਤੇ ਗੁਰਾਂ ਦਾ ਸਰੀਰ ਭੀ ਪੰਜਾਂ ਤੱਤਾਂ ਦਾ ਹੈ, ਤਾਂਤੇ ਸਰੀਰ ਤਾਂ ਗੁਰੂ ਤੇ ਸਿਖ ਨਹੀਂ ਬਣਦਾ ਤੇ ਪ੍ਰਮਾਤਮਾ ਨ ਜਨਮਿਆ ਹੈ, ਨ ਮੁਇਆ ਹੈ; ਤਾਂਤੇ ਮਨ ਦਾ ਭੇਦ ਹੈ। ਸੁਧੁ ਮਨ ਗੁਰਾਂ ਦਾ ਹੈ, ਅਸੁਧ ਮਨ ਸਿਖ ਦਾ ਹੈ। ਤਾਂ ਗੁਰਾਂ ਦਾ ਮਨ 'ਸ਼ਬਦ' ਹੈ ਤੇ ਸ਼ਬਦ ਦੁਆਰਾ ਸਿਖ ਦਾ ਮਨ ਉਜਲ ਕਰਦਾ ਹੈ ਤਾਂ ਸਿਖ ਨੂੰ ਆਪਣੇ ਸਰੂਪ ਦੀ ਸੋਝੀ ਪੈਂਦੀ ਹੈ*।

ਗੁਰੂ ਹਰਿਰਾਏ ਸਾਹਿਬ ਨੇ ਜਿਸ ਤਰ੍ਹਾਂ ਗੁਰਬਾਣੀ ਦੇ ਅਦਬ ਤੇ ਸਤਿਕਾਰ ਦੀ ਭਾਵਨਾ ਨੂੰ ਸਿਖਾਂ ਦੇ ਹਿਰਦਿਆਂ ਵਿਚ ਸਿੰਚਾਰਿਆ, ਉਹ ਉਨ੍ਹਾਂ ਦੇ ਜੀਵਨ ਦੀ ਇਕ ਸਾਖੀ ਉਜਾਗਰ ਕਰਦੀ ਹੈ। ਕਵੀ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ ਕਿ ਇਕ ਦਿਨ ਸੰਗਤ ਮਿਠੀ ਸੁਰ ਵਿਚ ਕੀਰਤਨ ਕਰਦੀ ਹੋਈ ਸਤਵੇਂ ਪਾਤਸ਼ਾਹ ਦੇ ਦੀਦਾਰ ਕਰਨ ਲਈ ਆਈ। ਗੁਰੂ ਜੀ ਪਲੰਘ ਤੇ ਬਿਰਾਜ ਰਹੇ ਸਨ। ਉਨ੍ਹਾਂ ਦੇ ਕੰਨਾਂ ਵਿਚ ਢੋਲਕੀ ਛੈਣਿਆਂ ਦੀ ਆਵਾਜ਼ ਪਈ, ਸ਼ਬਦ ਗੂੰਜਿਆ, ਇਕ ਛਾਲ ਮਾਰ ਕੇ ਜ਼ਮੀਨ ਤੇ ਆ ਗਏ ਤੇ ਉਨ੍ਹਾਂ ਦੇ ਗੋਡੇ ਤੇ ਚੋਟ ਲਗੀ। ਸੰਗਤ ਨੇ ਬੇਨਤੀ ਕੀਤੀ, "ਸੱਚੇ ਪਾਤਸ਼ਾਹ! ਇਤਨੀ ਕਾਹਲੀ ਦੀ ਕੀ ਲੋੜ ਸੀ?"

ਸੁਨ ਕਰ ਸ੍ਰੀ ਹਰਿ ਰਾਇ ਉਚਾਰੇ ॥
ਸੁਨਹੁ ਸਿਖ ਤੁਮ ਤੋ ਮਮ ਪਿਆਰੇ ॥
ਗੁਰ ਅਨਭੈ ਵਿਚ ਬਾਣੀ ਰੂਪ ॥
ਯਾ ਕੀ ਮਹਿਮਾ ਅਮਿਤ ਅਨੂਪ ॥
ਭਵ ਅਗਨੀ ਸਾਂਗਰ ਕੋ ਤਰਨੀ ॥
ਸਤਿਗੁਰ ਸਿਖਨ ਕੋ ਸੁਖ ਕਰਨੀ ॥
ਜੋ ਸਿਖ ਗੁਰਬਾਨੀ ਭੈ ਕਰੈ ॥
ਬਿਨ ਪ੍ਰਯਾਸ ਭਵ-ਸਾਗਰ ਤਰੈ ॥
ਜੋ ਗੁਰ ਭਗਤ ਸਿਖ ਹੈ ਮੇਰਾ ॥
ਗੁਰਬਾਨੀ ਭੈ ਤਿਸੈ ਘਨੇਰਾ ॥
ਜਿਨ ਭੈ ਬਾਨੀ ਅਦਬ ਨ ਧਾਰਾ ॥
ਜਾਨਹੁ ਸੋ ਸਿਖ ਨਹੀਂ ਹਮਾਰਾ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਦਬ ਦੀ ਮਹਾਨਤਾ ਨੂੰ ਕਾਇਮ ਰਖਣ ਲਈ ਗੁਰੂ ਹਰਿ ਰਾਇ ਸਾਹਿਬ ਨੇ ਹੱਦ ਮੁਕਾ ਦਿਤੀ, ਜਦੋਂ ਆਪ ਨੇ ਬਾਣੀ ਦੀ ਇਕ ਤੁਕ ਬਦਲਾਣ ਤੇ ਆਪਣੇ ਹੀ ਪੁੱਤਰ ਰਾਮ ਰਾਇ ਨੂੰ ਤਿਆਗ ਦਿਤਾ ਤੇ ਹੁਕਮ ਕੀਤਾ, "ਰਾਮ ਰਾਇ ਨੇ ਗੁਰੂ ਘਰ ਦੀ ਵਡਿਆਈ ਤੇ ਆਦਰਸ਼ਾਂ ਪ੍ਰਤੀ

* ਮੁਹਸਿਨ ਫ਼ਾਨੀ, ਦਬਿਸਤਾਨੇ ਮਜ਼ਾਹਿਬ, ਪੰਨਾ ੨੪੦
‡ ਸਤਿਬੀਰ ਸਿੰਘ, ਗੁਰੂ ਹਰਿਗੋਬਿੰਦ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੯੨

* ਭਾਈ ਮਨੀ ਸਿੰਘ ਜੀ, ਸਿਖਾਂ ਦੀ ਭਗਤਮਾਲ ਸੰਪਾਦਕ ਭਾਈ ਵੀਰ ਸਿੰਘ ਜੀ (੧੯੬੬), ਪੰਨਾ ੧੬੪



www.AKJ.Org

ਦ੍ਰਿੜ੍ਹਤਾ ਤੇ ਸਾਹਸ ਨਹੀਂ ਵਿਖਾਇਆ ਅਤੇ ਕਾਇਰਤਾ ਦਾ ਸਬੂਤ ਦਿਤਾ ਹੈ । ਕੋਈ ਵੀ ਕੰਗਾਲ ਬੁਧੀ ਦਾ ਮਾਲਕ ਗੁਰੂ ਨਾਨਕ ਪਾਤਸ਼ਾਹ ਦੀ ਤੁਕ ਨਹੀਂ ਬਦਲਾ ਸਕਦਾ। ਰਾਮ ਰਾਇ ਦੇ ਇਸ ਹੀਣੇ ਕਰਤੱਵ ਨੇ ਸਮੁੱਚੇ ਸਿਖ ਆਚਰਨ ਦੀ ਤੌਹੀਨ ਕੀਤੀ ਹੈ, ਹੁਣ ਉਹ ਸਾਡੇ ਮੱਥੇ ਨ ਲਗੇ।''*

ਸਿਖਾਂ ਦੀ ਪੁੱਛ ਤੇ ਕਿ ''ਬਾਣੀ ਨੂੰ ਬਾਰ ਬਾਰ ਪੜ੍ਹਨ ਦਾ ਕੀ ਫ਼ਾਇਦਾ ਹੈ ?'' ਗੁਰੂ ਹਰਿ ਰਾਇ ਜੀ ਨੇ ਇਕ ਥੇਹ ਤੋਂ ਥਿੰਧੀ ਠੀਕਰੀ ਚੁੱਕ ਕੇ ਫੁਰਮਾਇਆ, ''ਜਿਵੇਂ ਇਸ ਭਾਂਡੇ ਵਿਚ ਕਿਸੇ ਸਮੇਂ ਘਿਉ ਸੀ ਤੇ ਇਸ ਦੀ ਥਿੰਧਿਆਈ ਸਾਲਾਂ ਦੇ ਬੀਤ ਜਾਣ ਬਾਅਦ ਵੀ ਸੂਰਜ ਦੀਆਂ ਕਿਰਣਾਂ ਨਾਲ ਚਮਕਾਂ ਮਾਰਦੀ ਹੈ, ਇਸੇ ਤਰ੍ਹਾਂ ਬਾਣੀ ਦਾ ਲਗਾਤਾਰ ਅਭਿਆਸ ਆਦਰਸ਼ਾਂ ਨੂੰ ਡੂੰਘਿਆਂ ਕਰਦਾ ਹੈ । ਇਸ ਨਾਲ ਜੀਵਨ ਦੇ ਵਿਚ ਨਵੀਂ ਤਾਜ਼ਗੀ, ਨਵੀਂ ਪ੍ਰੇਰਨਾ ਤੇ ਨਵਾਂ ਉਤਸ਼ਾਹ ਮੌਲ਼ਦਾ ਰਹਿੰਦਾ ਹੈ ।'' ਇਕ ਹੋਰ ਸੁਆਲ ਦਾ ਜੁਆਬ ਦਿੰਦਿਆਂ ਸਤਵੇਂ ਪਾਤਸ਼ਾਹ ਕਹਿਣ ਲਗੇ, ''ਜਦੋਂ ਬਾਣੀ ਦਾ ਪਾਠ ਤੇ ਕੀਰਤਨ ਮਨ ਨੂੰ ਮਿੱਠਾ ਲਗੇ ਤਾਂ ਸਮਝੋ ਮਨ ਜਾਗ ਪਿਆ ਹੈ''—

ਗੁਰ ਉਪਦੇਸ਼ ਜਾਹਿ ਮਨ ਲਾਗਾ ॥
ਕੋਟ ਜਨਮ ਕੋ ਸੋਵਤ ਜਾਗਾ ॥
ਮਨ ਜਾਗੇ ਕੀ ਇਹੈ ਨਿਸ਼ਾਨੀ ॥
ਪ੍ਰਿਯ ਲਾਗੈ ਸਤਿਗੁਰ ਕੀ ਬਾਨੀ ॥

ਗੁਰੂ ਹਰਿਕ੍ਰਿਸ਼ਨ ਜੀ ਨੇ ''ਅੰਮ੍ਰਿਤ ਦ੍ਰਿਸ਼ਟੀ'' ਦੇ ਨਾਲ ਗੁਰਤਾ ਦੇ ਕਰਤੱਵ ਨੂੰ ਨਿਭਾਇਆ । ਉਨ੍ਹਾਂ ਦੇ ਦੀਦਾਰ ਕਰਨ ਨਾਲ ਰੋਗੀਆਂ ਦਾ ਰੋਗ ਦੂਰ ਹੋ ਜਾਂਦਾ, ਸੋਗੀਆਂ ਨੂੰ ਧੀਰਜ ਤੇ ਖੇੜੇ ਦੀ ਦਾਤ ਮਿਲਦੀ ਅਤੇ ਖਲ-ਮੂਰਖ ਬਿਬੇਕ ਨਾਲ ਸਰਸ਼ਾਰ ਹੋਏ ਬ੍ਰਹਮ-ਗਿਆਨ ਦੀ ਅਵਸਥਾ ਪ੍ਰਾਪਤ ਕਰ ਲੈਂਦੇ, ਜਿਨ੍ਹਾਂ ਅਗੇ ਫੋਕੀ ਪੰਡਤਾਈ ਮਾਤ ਪੈ ਜਾਂਦੀ ਸੀ।

ਜਦੋਂ ਦਸਵੇਂ ਪਾਤਸ਼ਾਹ ਜੋਤੀ ਜੋਤਿ ਸਮਾਣ ਲਗੇ, ਤਾਂ ਸੰਗਤ ਨੇ ਬੈਰਾਗ ਵਿਚ ਆ ਕੇ ਬੇਨਤੀ ਕੀਤੀ, ''ਸਚੇ ਪਾਤਸ਼ਾਹ, ਹੁਣ ਸਾਡੀ ਅਗਵਾਈ ਕੌਣ ਕਰੇਗਾ ? ਅਸੀਂ ਗੁਰੂ ਦੇ ਦਰਸ਼ਨ ਕਿਥੋਂ ਕਰਾਂਗੇ ?''

ਸਤਿਗੁਰੂ ਨੇ ਉੱਤਰ ਦਿਤਾ :—

ਗੁਰੂ ਗ੍ਰੰਥ ਸਾਹਿਬ ਸਭ ਕੇਰਾ ॥
ਜੋ ਹਮਰੇ ਚਹਿ ਦਰਸ਼ਨ ਹੇਰਾ ॥
ਸੋ ਸਰਧਾ ਧਰ ਹੇਰਨ ਕਰੈ ॥
ਪਾਪਨ ਗਨ ਕੋ ਤਤ ਛਿਨ ਹਰੈ ॥
ਹਮ ਸੋਂ ਬਾਤ ਕਰਨ ਕਉ ਚਾਹਹਿ ॥
ਪਠਹਿ ਸੁਨਹਿ ਗੁਰੂ ਗ੍ਰੰਥ ਉਮਾਹਿ ॥
ਸਰਨ ਗ੍ਰੰਥ ਸਾਹਿਬ ਕੀ ਜਾਇ ॥
ਤਤ ਛਿਨ ਸਤਿਗੁਰ ਬਨਹਿ ਸੁਹਾਇ ॥
ਸ਼ਰਧਾਲੂ ਕੇ ਸਭ ਕਿਛ ਅਹੈ ॥
ਹੋਇ ਅਸ਼ਰਧਕ ਕਿ ਮੁਹਿ ਨ ਲਹੈ ॥
ਤਨ ਸਦੀਵ ਥਿਰ ਹੋਇ ਨ ਕੋਇ ॥
ਰਿਦਾ ਗ੍ਰੰਥ ਗੁਰ ਕੋ ਲਿਹੁ ਜੋਇ ॥

[ਸੂਰਜ ਪ੍ਰਕਾਸ਼ ਰਾਸਿ ੧੦, ੫੨

ਖਾਲਸਾ ਪੰਥ ਸਾਜ ਕੇ ਦਸਵੇਂ ਪਾਤਸ਼ਾਹ ਨੇ ਸਰੀਰਕ ਗੁਰੂ ਨੂੰ ਸੰਕੋਚ ਲਿਆ ਤੇ ਸ਼ਬਦ ਨੂੰ 'ਸਦੀਵੀ ਗੁਰੂ' ਟਿਕਾ ਦਿਤਾ। ਜਾਮੇ ਦਸ ਸੰਪੂਰਨ ਹੋਏ ਅਤੇ ਖਾਲਸਾ ਪੰਥ ਜ਼ਿਮੇਵਾਰੀ ਉਠਾਉਣ ਦੇ ਯੋਗ ਹੋ ਗਿਆ । ਨਾਂਦੇੜ ਵਿਖੇ ਗੁਰੂ ਗ੍ਰੰਥ ਸਾਹਿਬ ਦੀ ਤਾਜਪੋਸ਼ੀ ਦਾ ਦਿਹਾੜਾ ਆ ਗਿਆ, ਜਿਸ ਦਾ ਵਰਨਣ ਮੌਕੇ ਤੇ ਹਾਜ਼ਰ ਸਮਕਾਲੀ ਇਤਿਹਾਸਕਾਰਾਂ ਨੇ ਕੀਤਾ ਹੈ । ਸਭ ਤੋਂ ਮਹੱਤਵ ਪੂਰਨ ਅਕੱਟ ਇਤਿਹਾਸਕ ਹਵਾਲਾ ਭੱਟ ਨਰਬਦ ਸਿੰਘ* ਦਾ ਹੈ,

---

* ਗੁਰਤਾ ਉਚਿਤ ਨਹੀਂ ਰਾਖਿਓ ਮਾਨ ॥
ਸ਼ਬਦ ਬਿਪਰਜੈ ਕੀਨਿ ਬਖਾਨਿ ॥
ਪਹਿਲੇ ਪਾਤਸ਼ਾਹ ਕੇ ਵਾਕ ॥
ਫੇਰਿ ਸਕੈ ਨ ਕੋਇ ਮਤਿ ਰਾਕ ॥

*ਭੱਟ ਨਰਬਦ ਸਿੰਘ ਉਸੇ ਭੱਟ ਬੰਸਾਵਲੀ ਦਾ ਰਤਨ ਸੀ ਜਿਸ ਘਰਾਣੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਵੱਈਏ ਲਿਖਣ ਵਾਲੇ ਭੱਟ ਹੋਏ ਹਨ । ਇਹ ਕੇਸੋ ਸਿੰਘ ਦਾ ਪੁੱਤਰ ਸੀ। ਭੱਟ ਕੇਸੋ ਸਿੰਘ ਬੰਹਿਥ ਦਾ ਪੁੱਤਰ, ਕੀਰਤ ਦਾ ਪੋਤਾ ਤੇ ਭਿਖੇ ਭੱਟ ਦਾ ਪੜਪੋਤਾ ਸੀ। ਭੱਟ ਨਰਬਦ ਸਿੰਘ ਨੂੰ ਆਪਣੇ ਪਿਤਾ ਕੇਸੋ ਸਿੰਘ ਤੇ ੫ ਹੋਰ ਸਾਥੀ ਭੱਟਾਂ ਸਮੇਤ ੧੧ ਅਕਤੂਬਰ ੧੭੧੧ ਈ: ਨੂੰ ਲਾਹੌਰ ਪਰਗਣੇ ਦੇ ਪਿੰਡ ਅਲੋਵਾਲ ਲਾਗੇ ਬਾਦਸ਼ਾਹ ਬਹਾਦਰ ਸ਼ਾਹ ਦੇ ਹੁਕਮ ਨਾਲ ਧਰਤੀ ਵਿਚ ਗੱਡ ਕੇ ਸ਼ਹੀਦ ਕਰ ਦਿਤਾ ਗਿਆ ਸੀ।
ਦੇਖੋ ਭੱਟ ਵਹੀ, ਤਲਾਉਂਢਾ
—ਸ਼ਹੀਦ ਬਿਲਾਸ ਗਿਆਨੀ ਗਰਜਾ ਸਿੰਘ



www.AKJ.Org

ਜੋ ਕੇਸੋ ਸਿੰਘ ਦਾ ਪੁੱਤਰ ਸੀ । ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਸਮੇਂ ਨਾਂਦੇੜ ਹਾਜ਼ਰ ਸੀ । ਉਸ ਨੇ ਲਿਖਿਆ ਹੈ :—

"ਗੁਰੂ ਗੋਬਿੰਦ ਸਿੰਘ ਜੀ ਮਹਲ ਦਸਵਾਂ ਬੇਟਾ ਗੁਰੂ ਤੇਗ ਬਹਾਦੁਰ ਜੀ ਕਾ ਪੋਤਾ ਗੁਰੂ ਹਰਿਗੋਬਿੰਦ ਜੀ ਕਾ ਪੜਪੋਤਾ ਗੁਰੂ ਅਰਜਨ ਜੀ ਕਾ ਬੰਸ ਗੁਰੂ ਰਾਮਦਾਸ ਜੀ ਕੀ ਸੂਰਜਬੰਸੀ ਗੋਸਲ ਗੋਤਰ ਸੋਢੀ ਖਤਰੀ ਬਾਸੀ ਅਨੰਦਪੁਰ ਪਰਗਨਾ ਕਹਿਲੂਰ ਮੁਕਾਮ ਨਾਂਦੇੜ ਤੱਟ ਗੋਦਾ-ਵਰੀ ਦੇਸ ਦਖਣ ਸੰਮਤ ਸਤਾਰਾਂ ਸੈ ਪੈਂਸਠ ਕਤਕ ਮਾਸ ਕੀ ਚੌਥ ਸੁਕਲ ਪੱਖ ਬੁਧਵਾਰ ਕੇ ਦਿਨ ਭਾਈ ਦੈਆ ਸਿੰਘ ਸੇ ਬਚਨ ਹੋਇਆ ਸ੍ਰੀ ਗ੍ਰੰਥ ਸਾਹਿਬ ਲੈ ਆਓ । ਬਚਨ ਪਾਇ ਦੈਆ ਸਿੰਘ ਸ੍ਰੀ ਗ੍ਰੰਥ ਸਾਹਿਬ ਲੈ ਆਏ, ਗੁਰੂ ਜੀ ਨੇ ਪੰਚ ਪੈਸੇ ਨਾਰੀਅਲ ਅਗੇ ਭੇਟਾ ਰੱਖ ਮੱਥਾ ਟੇਕਿਆ । ਸਰਬੱਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਾਹ ਸ੍ਰੀ ਗ੍ਰੰਥ ਜੀ ਕੋ ਜਾਨਨਾ । ਜੋ ਸਿਖ ਜਾਨੇਗਾ ਤਿਸ ਕੀ ਘਾਲ ਥਾਇ ਪਏਗੀ ਗੁਰੂ ਤਿਸ ਕੀ ਬਹੁੜੀ ਕਰੇਗਾ ਸਤ ਕਰ ਮਾਨਨਾ ।"

[ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ

੬ ਅਕਤੂਬਰ ੧੭੦੮ ਈ: ਬੁਧਵਾਰ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪੈਸੇ ਨਲੀਏਰ ਰੱਖ ਕੇ ਆਪੂੰ ਮੱਥਾ ਟੇਕ ਕੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਿਆਈ ਬਖਸ਼ ਦਿਤੀ । ਜਦ ਉਸ ਵੇਲੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਵਾਕ* ਲਿਆ ਗਿਆ ਤਾਂ ਹੁਕਮ ਇਹ ਆਇਆ :—

ਮਾਰੂ ਮਹਲਾ ੫ ॥ (ਪੰਨਾ ੧੦੦੦)

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ
ਕੀਰਤਨ ਹਰਿ ਹਰਿ ਗਾਈ ॥
ਸ੍ਰਮੁ ਥਾਕਾ ਪਾਏ ਬਿਸ੍ਰਾਮਾ
ਮਿਟਿ ਗਈ ਸਗਲੀ ਧਾਈ ॥੧॥
ਅਬ ਮੋਹਿ ਜੀਵਨ ਪਦਵੀ ਪਾਈ ॥
ਚੀਤਿ ਆਇਓ ਮਨਿ ਪੁਰਖੁ ਬਿਧਾਤਾ
ਸੰਤਨ ਕੀ ਸਰਣਾਈ ॥੧॥ਰਹਾਉ॥
ਕਾਮੁ ਕ੍ਰੋਧੁ ਲੋਭੁ ਮੋਹੁ ਨਿਵਾਰੇ
ਨਿਵਰੇ ਸਗਲ ਬੈਰਾਈ ॥
ਸਦਾ ਹਜੂਰਿ ਹਾਜਰ ਹੈ ਨਾਜਰੁ
ਕਤਹਿ ਨ ਭਇਓ ਦੂਰਾਈ ॥੨॥
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ॥
ਪਾਵਨ ਪਤਿਤ ਕੀਏ ਖਿਨ ਭੀਤਰਿ
ਮਹਿਮਾ ਕਥਨੁ ਨ ਜਾਈ ॥੩॥
ਨਿਰਭਉ ਭਏ ਸਗਲ ਭੈ ਖੋਏ
ਗੋਬਿਦ ਚਰਣ ਓਟਾਈ ॥
ਨਾਨਕ ਜਸੁ ਗਾਵੈ ਠਾਕੁਰ ਕਾ
ਰੈਣਿ ਦਿਨਸੁ ਲਿਵ ਲਾਈ ॥੪॥

(੩)

ਗੁਰੂ ਗੋਬਿੰਦ ਸਿੰਘ ਜੀ ਨੇ 'ਆਤਮਾ ਗ੍ਰੰਥ ਵਿਚ, ਦੇਹ ਪੰਥ ਵਿਚ, ਦੀਦਾਰ ਖਾਲਸੇ ਦਾ" ਕਹਿ ਕੇ ਸਿਖਾਂ ਨੂੰ ਸਦਾ ਲਈ ਸ਼ਬਦ ਦੇ ਲੜ ਲਾ ਦਿਤਾ । ਉਨ੍ਹਾਂ ਦੇ ਜੋਤੀ ਜੋਤਿ ਸਮਾਣ ਤੋਂ ਬਾਅਦ ਸਰਬੱਤ ਖਾਲਸਾ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹਾਜ਼ਰ ਹੋਣ ਲਗਾ ਅਤੇ ਸ਼ਬਦ ਦੀ ਰੌਸ਼ਨੀ ਵਿਚ ਗੁਰਮਤੇ ਹੁੰਦੇ । ਅਰਦਾਸ ਕਰਨ ਉਪਰੰਤ ਪਾਵਨ ਵਾਕ ਲਿਆ ਜਾਂਦਾ, ਜਿਸ ਨੇ ਅਜ ਤਕ ਜੀਵਨ ਦੇ ਹਰ ਪੜਾਅ ਤੇ ਕੌਮ ਦੀ ਭਰਪੂਰ ਅਗਵਾਈ ਕੀਤੀ ਹੈ । ਗੁਰੂ ਗ੍ਰੰਥ ਸਾਹਿਬ ਆਤਮਿਕ ਜਗਤ ਦਾ ਵਿਧਾਨ ਹੈ, ਜਿਸ ਵਿਚ ਵਿਅਕਤੀ-ਵਿਸ਼ੇਸ਼ ਦੀ ਕੋਈ ਥਾਂ ਨਹੀਂ, ਅਸੂਲਾਂ ਦੀ ਮਹਾਨਤਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਪਾਸ਼ਨਾ "ਗਿਆਨ" ਦੀ ਪੂਜਾ ਹੈ, ਜਿਸ ਨੇ ਮਨੁੱਖਤਾ ਨੂੰ ਮਨੁੱਖ ਦੀ ਗੁਲਾਮੀ ਤੋਂ ਉਚੇਰਾ ਕਰ ਦਿਤਾ ਹੈ । ਸ਼ਬਦ-ਜੋਤਿ ਜੁਗੋ ਜੁਗ ਅਟੱਲ ਹੈ ।

* ਸਤਿਬੀਰ ਸਿੰਘ, ਰਛਿਆ ਰਹਿਤ, ਪੰਨਾ ੮੨



www.AKJ.Org

# ਨਕਲੀ ਨਿਰੰਕਾਰੀ ਮਸਲਾ ਮੱਧਮ ਨਹੀਂ, ਗੰਭੀਰ ਹੋਇਆ ਹੈ

[ਵਲੋਂ—ਗਿਆਨੀ ਗੁਰਦਿਤ ਸਿੰਘ ਜੀ]

ਪਿਛਲੇ ਕੁਝ ਦਿਨਾਂ ਤੋਂ, ਖਾਸ ਕਰ ਉਸ ਸਮੇਂ ਤੋਂ ਜਦੋਂ ਦੇ ਅਕਾਲੀ,ਕੇਂਦਰੀ ਮੰਤਰੀਆਂ ਨੇ ਅਸਤੀਫੇ ਵਾਪਸ ਲੈ ਕੇ ਉਹਨਾਂ ਹੀ ਅਹੁਦਿਆਂ ਉਤੇ ਉਸੇ ਤਨਖਾਹ ਉਤੇ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ, ਸਿਖ ਜਗਤ ਵਿਚ ਭੁਲੇਖਾ ਪੈ ਗਿਆ ਹੈ ਕਿ ਨਿਰੰਕਾਰੀ ਮਸਲਾ ਹੁਣ ਭਖਵਾਂ ਨਹੀਂ ਰਿਹਾ, ਸ਼ਾਇਦ ਸਾਡੇ ਲੀਡਰਾਂ ਨੇ ਕੋਈ ਗੱਲ ਕੇਂਦਰੀ ਸਰਕਾਰ ਨਾਲ ਨਿਬੇੜ ਕੇ ਹੀ ਅਸਤੀਫੇ ਵਾਪਸ ਲਏ ਹੋਣ। ਜੇ ਅਜਿਹਾ ਹੋਵੇ ਵੀ, ਜੋ ਅਸਲ ਵਿਚ ਹੈ ਨਹੀਂ, ਫਿਰ ਵੀ ਕੀ ਗੱਲਾਂ ਨਿੱਬੜੀਆਂ ਹੋਣਗੀਆਂ ਇਹੋ ਕਿ, ਨਿਰੰਕਾਰੀ 'ਬਾਵਾ' ਜੀ ਦਿਲੀ ਤੋਂ ਬਾਹਰ ਦੌਰਿਆਂ ਉਤੇ ਨਾ ਚੜ੍ਹਨ, ਇੰਜ ਕਰਨ ਨਾਲ ਬਦਅਮਨੀ ਫੈਲਦੀ ਹੈ। ਜਾਣੀ ਸਿਖ ਹਰ ਥਾਂ ਵਿਰੋਧ ਕਰਦੇ ਹਨ। ਸਰਕਾਰ 'ਬਾਵੇ' ਦਾ ਪਖ ਲੈਂਦੀ ਹੈ, ਜਿਸ ਤੋਂ ਸਰਕਾਰੀ ਬੰਦੂਕਾਂ ਨਾਲ ਸਿਖ ਮਰਦੇ ਅਤੇ ਫਟੜ ਹੁੰਦੇ ਹਨ। ਧਰਤੀ ਉਤੇ ਖ਼ੂਨ ਡੁਲ੍ਹਦਾ ਹੈ। ਜੇ 'ਬਾਵਾ' ਬਾਹਰ ਨਾ ਜਾਵੇ, ਤਾਂ ਇਹ ਮਸਲੇ ਖੜੇ ਨਹੀਂ ਹੋ ਸਕਦੇ। ਇਸ ਕਰਕੇ 'ਬਾਵੇ' ਨੂੰ ਗੈਰ ਸਰਕਾਰੀ ਤੌਰ ਤੇ ਉਹਨਾਂ ਦੇ ਡੇਰੇ ਵਿਚ ਜਾ ਕੇ 'ਰੰਗੀਨ ਰਾਤਾਂ' ਕੱਟਣ ਵਾਲੇ, ਸਰਕਾਰੀ ਚੇਲਿਆਂ ਰਾਹੀਂ ਦਸ ਦਿਤਾ ਜਾਂ ਸਮਝਾ ਬੁਝਾ ਦਿਤਾ ਸੁਣਿਆ ਗਿਆ ਹੈ ਕਿ 'ਬਾਵਾ' ਜੀ ਹੁਣ ਇਸ ਕਿਸਮ ਦੇ ਦੌਰਿਆਂ ਤੋਂ ਪਰਹੇਜ਼ ਕਰਨ। ਸਰਕਾਰ ਨੂੰ ਉਹਨਾਂ ਦੀ ਸੰਭਾਲ ਕਰਨੀ ਮਹਿੰਗੀ ਪੈਂਦੀ ਹੈ। ਉਹਨਾਂ ਦੀ ਸਰਕਾਰ ਵਿਚ ਸਾਂਝ ਰਖਣ ਵਾਲੀ ਇਕ ਰਾਜਸੀ ਪਾਰਟੀ ਗੁਸੇ ਹੋ ਜਾਂਦੀ ਹੈ। ਵਧੇਰੇ ਪੱਕੀ ਪਾਬੰਦੀ ਲਗੀ ਹੁੰਦੀ ਤਾਂ ਸਾਡੇ ਆਗੂ ਉਸ ਜਿਤ ਦੇ ਝੰਡੇ ਜੈਕਾਰਿਆਂ ਦੀ ਗੂੰਜ ਵਿਚ ਜ਼ਰੂਰ ਝੁਲਾਉਂਦੇ ਆਉਂਦੇ।

ਦੂਜੀ ਗੱਲ ਹੈ ਕਿ ਨਿਰੰਕਾਰੀ ਪੋਥੀਆਂ ਵਿਚ ਗੁਰੂ ਸਾਹਿਬਾਨ ਅਤੇ ਸਿਖੀ ਦੇ ਮਖਾਉਲ ਉਡਾਉਣ ਦੀ ? ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਤਰਾਜ਼ ਯੋਗ ਭਾਗ ਕਢ ਦਿਤੇ ਜਾਣਗੇ ? ਇਹਨਾਂ ਨੂੰ ਕੌਣ ਕਢੇਗਾ ? ਇਸ ਲਈ ਕਹਿੰਦੇ ਹਨ, ਇਕ ਵਿਦਵਾਨਾਂ ਦੀ ਕਮੇਟੀ ਬਣਾਈ ਜਾਵੇਗੀ ਜੋ ਅਜੇਹੀਆਂ ਗੱਲਾਂ ਉਤੇ ਵਿਚਾਰ ਕਰ ਕੇ ਸਰਕਾਰ ਨੂੰ ਰੀਪੋਰਟ ਕਰੇਗੀ। ਸਾਡੀ ਇਹ ਮੰਦੀ ਭਵਿਖ ਬਾਣੀ ਹੈ ਕਿ ਇਸ ਦੂਜੀ ਮੰਗ ਦੀ ਪੂਰਤੀ ਏਸ ਸਰਕਾਰ ਦੀ ਕੋਈ ਕਮੇਟੀ ਵੀ ਨਹੀਂ ਕਰ ਸਕੇਗੀ।

ਕਿਸੇ ਅਜਿਹੇ ਮਸਲੇ ਬਾਰੇ ਜਦੋਂ ਵੀ ਕੋਈ ਕਮੇਟੀ ਬੈਠਦੀ ਹੈ ਜਾਂ ਬੈਠਾਈ ਜਾਂਦੀ ਹੈ ਤਾਂ ਸਭ ਜਾਣਦੇ ਹਨ ਕਿ ਉਹ ਮਸਲੇ ਨੂੰ ਠੰਢਾ ਕਰਨ ਤੇ ਖਟੇ ਪਾਉਣ ਲਈ ਹੁੰਦੀ ਹੈ, ਨਾ ਕਿ ਨਜਿਠਣ ਲਈ ? ਇਸ ਮਸਲੇ ਬਾਰੇ ਜੇ ਇਹ ਕਮੇਟੀ ਬਣ ਗਈ ਤਾਂ ਕਿਸੇ ਅਜਿਹੀ ਰੀਪੋਰਟ ਦੀ ਆਸ਼ਾ ਰਖਣੀ ਅਨਹੋਣੀ ਗੱਲ ਹੈ, ਜੋ ਸਿਖ ਹਿਰਦਿਆਂ ਨੂੰ ਸ਼ਾਂਤ ਕਰਨ ਤੇ ਤਸੱਲੀ ਦੇਣ ਵਾਲੀ ਹੋਵੇ। ਸਿੱਟਾ ਇਹ ਕਿ ਪੋਥੀਆਂ ਬਾਰੇ ਕੋਈ ਕਾਰਵਾਈ ਸੰਭਵ ਨਹੀਂ ਜਾਪਦੀ।

ਅਵਲ ਤਾਂ ਇਹ ਕਮੇਟੀ ਹੀ ਨਹੀਂ ਬਣਨੀ, ਜੇਕਰ ਭਾਨਮਤੀ ਦਾ ਕੁਨਬਾ ਜੁੜ ਹੀ ਗਿਆ ਤਾਂ ਉਸ ਵਿਚ ਸਿਖੀ ਦੇ ਹਿਤਾਂ ਦੀ ਥਾਂ ਜ਼ਖ਼ਮ ਉਖੇੜਨ ਵਾਲੀਆਂ ਗੱਲਾਂ ਵਧੇਰੇ ਹੋਣਗੀਆਂ। ਜਿਵੇਂ ਭਾਰਤ ਦੇ ਪਰਧਾਨ ਮੰਤਰੀ ਨੇ ਇਕ ਡੈਪੂਟੇਸ਼ਨ ਨੂੰ ਕਿਹਾ ਕਿ ਹੋਰਨਾਂ ਮਤਾਂ ਦੇ ਵਿਰੁਧ ਤਾਂ ਗੁਰੂ ਗ੍ਰੰਥ ਸਾਹਿਬ ਵਿਚ ਵੀ ਲਿਖਿਆ ਹੈ ? ਮੁਰਾਰ ਜੀ ਜੈਸੇ 'ਮਹਾਂ ਗਿਆਨੀ' ਨੂੰ ਕੌਣ ਸਮਝਾਏ ਕਿ ਜਿਸ ਪਰਸੰਗ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਹੋਰਨਾਂ ਮੱਤਾਂ ਬਾਰੇ ਵਾਕ



www.AKJ.Org

ਹਨ, ਉਹ ਅਧੋਗਤੀ ਦੇ ਜ਼ਮਾਨੇ ਦੀ ਮੰਗ ਸੀ, ਮਨੂ ਸਿਮਰਤੀ ਅਤੇ ਸਤਿਆਰਥ ਪ੍ਰਕਾਸ਼ ਵਾਂਗ ਬੇਮਤਲਬੀ ਜਨੂੰਨੀ ਵਿਰੋਧਤਾ ਨਹੀਂ ਸੀ ਅਤੇ ਨਾ ਹੀ ਆਪਣੇ ਇਆਸ਼ੀ ਦੇ ਕਲੱਬ ਚਲਾਉਣ ਲਈ ਸਭ ਖੁਲ੍ਹਾਂ ਦੇਣ ਵਾਲੀ ਸੀ। ਕਿਸੇ ਵੀ ਪਰਸੰਗ ਵਿਚ ਕਿਸੇ ਦਾ ਵਿਰੋਧ ਕਰਨ ਲਈ ਕੋਈ ਵਿਰੋਧੀ ਵਾਕ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ, ਜਿਸ ਨਾਲ ਕਿਸੇ ਦਾ ਮੂੰਹ ਚਿੜਾਇਆ ਜਾਵੇ। ਚਰਚਾ ਸਮੇਂ ਜਾਂ ਅਸਲੀਅਤ ਉਘਾੜਨ ਵੇਲੇ ਸਚਿਆਈ ਪ੍ਰਗਟਾਈ ਗਈ ਹੈ। ਨਕਲੀ ਨਿਰੰਕਾਰੀਆਂ ਦੇ ਖ਼ੁਦ-ਰੌ ਉਗੇ ਕੰਡਿਆਲੇ ਬੂਟੇ ਦੇ ਕੰਡਿਆਂ ਦੇ ਤਾਣੇ ਪੇਟੇ ਨੂੰ ਗੁਰੂ ਸਾਹਿਬਾਨ ਦੇ ਮਹਾਨ ਅੰਮ੍ਰਿਤ ਰਸ ਭਰੇ ਅਧਿਆਤਮਕ ਵਾਕਾਂ ਨਾਲ ਤੁਲਨਾ ਕਰਨੀ, ਸਿਖਾਂ ਦੀ ਇਹੋ ਸਭ ਤੋਂ ਵਡੀ ਹੱਤਕ ਹੈ ਜੋ ਸਾੜੇ ਆਪ ਮੰਨੇ ਹੋਏ ਦੇਸ਼ ਦੇ ਵੱਡੇ ਨੇਤਾ ਕਰ ਰਹੇ ਹਨ। ਇਹਨਾਂ ਲੋਕਾਂ ਪਾਸੋਂ ਇਹ ਆਸ਼ਾ ਕਿਵੇਂ ਰਖੀ ਜਾ ਸਕਦੀ ਹੈ ਕਿ ਉਹ ਸਿਖਾਂ ਨੂੰ ਸ਼ਾਂਤ ਕਰਨ ਲਈ ਕੋਈ ਚੰਗਾ ਅਮਲ ਕਰ ਦਿਖਾਉਣਗੇ ?

ਸਮਝੌਤੇ ਲਈ ਮੂੰਹ ਪੂੰਝਣ ਵਾਲੀ ਗੱਲ ਇਹ ਸੀ ਕਿ ਦਿਲੀ ਵਿਚ ਫੜੇ ਗਏ ਕੈਦੀ ਬਿਨਾਂ ਕਿਸੇ ਸ਼ਰਤ ਦੇ ਰਿਹਾ ਕੀਤੇ ਜਾਣਗੇ। ਇਸ ਸ਼ਰਤ ਦਾ ਬੁਨਿਆਦੀ ਮਸਲੇ ਨਾਲ ਕੋਈ ਵਾਸਤਾ ਭੀ ਨਹੀਂ ਹੈ। ਕਿਥੇ ਮੁਜ਼ਾਹਰੇ ਨਹੀਂ ਹੁੰਦੇ ਅਤੇ ਕਿਹੜੇ ਕੈਦੀ ਰਿਹਾ ਨਹੀਂ ਕੀਤੇ ਜਾਂਦੇ।

ਵਧ ਤੋਂ ਵਧ ਇਸ ਅਕਾਲੀ ਸਰਕਾਰ ਗਾਂਢੇ ਸਾਂਢੇ ਵਿਚੋਂ ਇਹ ਨਿਕਲੇਗਾ ਕਿ, ਜ਼ਾਹਰਾ ਤੌਰ ਤੇ ਮੁਕੱਦਮਿਆਂ ਵਿਚ ਭਾਰਤੀ ਮੰਤਰੀ ਪਹਿਲਾਂ ਵਾਂਗ ਦਖਲ-ਅੰਦਾਜ਼ੀ ਨਾ ਕਰਨ। ਭਾਵੇਂ ਅੰਦਰ-ਖਾਤੇ ਜਿਨ੍ਹਾਂ ਦੀ ਹਕੂਮਤ ਹੈ, ਜੋ ਸਿਖਾਂ ਨੂੰ ਹਰ ਤਰ੍ਹਾਂ ਕਮਜ਼ੋਰ ਕਰਨਾ ਚਾਹੁੰਦੇ ਹਨ, ਹਰ ਕਿਸਮ ਦੀ ਮਦਦ ਇਸ ਸਿਖ ਵਿਰੋਧੀ ਗੁਟ ਦੀ ਕਰਨਗੇ। ਕਿਉਂਕਿ ਇਹ 'ਹਿੰਦੂ ਰਾਸ਼ਟਰ' ਸਥਾਪਨਾ ਕਰਨ ਦੀ ਨੀਤੀ ਦਾ ਇਕ ਭਾਗ ਹੈ ਕਿ ਸਿਖਾਂ ਨੂੰ ਥਹਿ ਸਿਰ ਕੀਤਾ ਜਾਵੇ।

ਜੇ ਕਿਸੇ 'ਕੋਰਟ' ਵਿਚ 'ਬਾਵਾ' ਨੂੰ ਕੈਦ ਵੀ ਹੋ ਜਾਵੇ, ਤਾਂ ਉਸ ਨੂੰ ਛੁਡਾਉਣ ਲਈ ਕੋਈ ਵਸੀਲਾ — 'ਕਿਉਂਕਿ ਸਾਰੇ ਵਸੀਲੇ ਕੇਂਦਰ ਕੋਲ ਹਨ' — ਅਣਵਰਤਿਆ ਨਹੀਂ ਰਹਿਣ ਦੇਣਗੇ। ਇਸ ਲਈ ਸਿਖਾਂ ਨੂੰ ਝੂਠੀਆਂ ਕਲਪਨਾਂ ਪਾਲ ਕੇ ਕਲ੍ਹ ਨੂੰ ਉਹਨਾਂ ਦੇ ਖ਼ਤਮ ਹੋਣ ਤੇ ਨਿਰਾਸ਼ ਹੋਣ ਦੀ ਥਾਂ ਹੁਣੇ ਸੋਚ ਸਮਝ ਲੈਣਾ ਚਾਹੀਦਾ ਹੈ ਕਿ, ਭਾਰਤ ਸਰਕਾਰ ਨਿਰੰਕਾਰੀਆਂ ਦੇ ਮਸਲੇ ਵਿਚ ਕਿਸੇ ਵੀ ਭਾਂਤ ਦਾ ਇਨਸਾਫ਼ ਨਹੀਂ ਦੇਵੇਗੀ।

ਅਜਿਹਾ ਕਰਨਾ ਸਰਕਾਰ ਦੀ ਅੰਦਰੂਨੀ ਅਤੇ ਬੁਨਿਆਦੀ ਨੀਤੀ ਦੇ ਵਿਰੁਧ ਹੈ। ਘਟੋ ਘਟ ਜਿਸ ਸਰਕਾਰ ਉਤੇ 'ਹਿੰਦੀ-ਹਿੰਦੂ-ਹਿੰਦੋਸਤਾਨ' ਦੇ ਅਮਲਾਂ ਨੂੰ ਪਰਗਟ ਕਰਨ ਵਾਲੇ ਬੋਹੜ ਵਾਂਗ ਛਾਏ ਹੋਣ, ਉਥੇ ਕਿਸੇ ਕਿਸਮ ਦੇ ਵੱਖਰੀ ਭਾਸ਼ਾ ਅਤੇ ਵਜੂਦ ਦੇ ਸਰੂਪ ਵਾਲੇ ਛੋਟੇਮੋਟੇ ਬੂਟੇ ਕਿਵੇਂ ਵਧ ਫੁਲ ਸਕਦੇ ਹਨ?

ਸਿੱਖਾਂ ਦੀ ਵੱਖਰੀ ਹਸਤੀ ਵਿਲੱਖਣ ਸੂਰਤ ਹੀ ਅਜ ਇਹਨਾਂ ਦੀ ਵੈਰੀ ਹੋ ਗਈ ਹੈ। ਭਾਰਤ ਦੇ ਮਾਲਕ ਬਣ ਕੇ ਰਾਜ ਕਾਜ ਚਲਾ ਰਹੀ ਕੌਮ ਦੇ ਨੇਤਾ ਨਹੀਂ ਚਾਹੁੰਦੇ ਕਿ ਸਿਖਾਂ ਦੀ ਕੋਈ ਵਖਰੀ ਹਸਤੀ ਰਹੇ, ਇਹਨਾਂ ਦਾ ਕੇਸ ਦਾੜ੍ਹੀਆਂ ਵਾਲਾ ਵਖਰਾ ਸਰੂਪ ਕਿਧਰੇ ਦਿਸੇ। ਜੇ ਕੋਈ ਦਿਸੇ ਵੀ ਤਾਂ ਉਹੋ ਜਿਹਾ ਦਿਸੇ ਜਿਹੋ ਜਿਹੇ ਬੇਘਰੇ ਸਾਧੂਆਂ ਫ਼ਕੀਰਾਂ ਦੇ ਟੋਲਿਆਂ ਦਾ ਹੁੰਦਾ ਹੈ। ਸਿੱਖਾਂ ਦੀ ਵਿਚਾਰਧਾਰਾ, ਜੋ ਇਨ੍ਹਾਂ ਨੂੰ ਵਖਰਿਆਉਂਦੀ ਹੈ, ਉਸ ਦੇ ਧਾਰਨੀ ਜਿੰਨੇ ਇਸ ਸਮੇਂ ਧਰਮ ਸੰਕਟ ਵਿਚ ਹਨ, ਆਜ਼ਾਦੀ ਤੋਂ ਪਹਿਲਾਂ ਏਨੇ ਭੈ-ਭੀਤ ਨਹੀਂ ਸਨ। ਉਸ ਵੇਲੇ ਸਿਖਾਂ ਨੂੰ ਤੀਜੀ ਕੌਮ ਦੇ ਅਧਿਕਾਰਾਂ ਵਾਲੀ ਸੁਰੱਖਿਆ ਪ੍ਰਾਪਤ ਸੀ, ਉਚੇ ਅਹੁਦਿਆਂ ਲਈ ਹੱਕ ਰਾਖਵੇਂ ਸਨ।

ਹੋਰ ਵੱਖਰੇ ਮਜ਼ਹਬਾਂ ਜਾਂ ਧਾਰਮਕ ਇਕਾਈਆਂ ਨੂੰ 'ਹਿੰਦੂ ਰਾਸ਼ਟ੍ਰਵਾਦੀ' ਪਹਿਲਿਆਂ ਮਜ਼ਹਬਾਂ ਵਾਂਗ ਸਮੋ ਲੈਣਾ ਸੌਖਾ ਸਮਝਦੇ ਹਨ। ਸਿੱਖ ਹੀ ਇਕ ਲੋਹੇ ਦੇ ਚਣੇ ਹਨ ਜਿਹਨਾਂ ਨੂੰ ਚਬਾ ਕੇ ਹਜ਼ਮ ਕਰਨਾ ਔਖਾ ਲਗਦਾ ਹੈ। ਇਸ ਲਈ, ਸਿੱਖਾਂ ਵਿਚੋਂ ਵਿਗੜੇ ਹੋਏ ਟੋਲਿਆਂ ਨੂੰ ਗੁਪਤ ਤੇ ਪਰਗਟ ਤੌਰ ਤੇ ਕੇਂਦਰੀ ਸਰਕਾਰ ਦੀ ਨੀਤੀ ਸ਼ਹਿ ਦੇਂਦੇ ਰਹਿਣ ਦੀ ਇਕ ਸਕੀਮ ਅਧੀਨ ਚਿਰੰਕਾਲ ਤੋਂ ਚਲਦੀ ਆ ਰਹੀ ਹੈ। ਸਿੱਖਾਂ ਨੂੰ ਹਾਲਾਤ ਤੋਂ ਪੂਰੀ ਤਰ੍ਹਾਂ ਖ਼ਬਰਦਾਰ ਰਹਿ ਕੇ ਇਹਨਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ।



www.AKJ.Org

# ਮਿੱਠੇ ਚਰਨ ਗੁਰੂ ਜੀ ਦੇ

[ ਵਲੋਂ—ਗਿਆਨੀ ਦੇਵਿੰਦਰ ਸਿੰਘ 'ਰਾਜ਼' B—10/55 ਫਾਂਗਲੀ, ਸ਼ਿਮਲਾ ]

ਸ੍ਰੀ ਗੁਰੂ ਗ੍ਰੰਥ ਮਹਾਰਾਜ ਜੀ ਦੇ, ਸੁੰਦਰ ਚਰਨ 'ਗੁਰਬਾਣੀ' ਦੇ ਵਾਂਗ ਮਿੱਠੇ।
ਜੁਗੋ ਜੁੱਗ ਅਟੱਲ ਗੁਰਵਾਕ ਸ਼ਕਤੀ, "ਸੂਰਜ-ਕਥਾ" 'ਕਹਾਣੀ' ਦੇ ਵਾਂਗ ਮਿੱਠੇ।
ਸ਼ਬਦ-ਗੁਰੂ ਗੁਰਿਆਈ ਤੇ ਗੁਰ ਸੰਗਤ, "ਬਾਵਨ ਅਖਰੀ" ਬਾਣੀ ਦੇ ਵਾਂਗ ਮਿੱਠੇ।
ਨਾਨਕ ਦੇਵ ਦਾ ਮਿੱਠਾ ਹੈ ਨਾਮ ਜੀਕੂੰ, ਪੰਜਾ ਸਾਹਿਬ ਦੇ ਪਾਣੀ ਦੇ ਵਾਂਗ ਮਿੱਠੇ।
ਚਰਨਾਂ ਇਹਦਿਆਂ ਵਿਚ "ਪ੍ਰਕਾਸ਼ ਨੂਰੀ", ਨਿਤ ਨਵਾਂ ਤੇ ਸਦਾ ਪ੍ਰਸੰਨ ਰਹਿੰਦੇ।
ਸੱਚਖੰਡ ਦੇ ਹੋਣ ਪਰਤੱਖ ਦਰਸ਼ਨ, ਗੁਰੂ ਘਰ ਦੇ ਵਿਚ ਜੋ ਮੰਨ ਰਹਿੰਦੇ।੧।

ਇਹਦੇ ਚਰਨ ਸੱਚਾਈ ਦਾ ਰਾਹ ਦੱਸ ਕੇ, ਸਚਖੰਡ ਤਕ ਠੀਕ ਪਹੁੰਚਾਂਵਦੇ ਨੇ।
ਜਨਮ ਜਨਮ ਤੋਂ ਮਾਇਆ ਦੇ ਰੰਗ ਅੰਦਰ, ਸੁੱਤਾ ਟੁੰਬ ਕੇ ਮੰਨ ਜਗਾਂਵਦੇ ਨੇ।
'ਸੁਰਤਿ' 'ਆਤਮਾ' 'ਸਹਜ ਗਿਆਨ ਕੀ ਹੈ, ਸਿਧ ਗੋਸਟਿ ਦੁਆਰਾ ਸਮਝਾਂਵਦੇ ਨੇ।
"ਇਸ਼ਕ" ਓਹਨਾਂ ਦਾ "ਅੰਮ੍ਰਿਤੀ" ਬਣ ਜਾਵੇ, ਚਰਨਾਂ ਵਿਚ ਜੋ ਸੁਰਤਿ ਟਿਕਾਂਵਦੇ ਨੇ।
ਗਾਵੇ ਕੀਰਤਨ ਅਨਹਦ ਸ਼ਬਦ ਬਾਣੀ, ਸਭਨਾਂ ਜੀਆਂ ਦਾ ਦਾਤਾ ਦਿਆਲ ਹੋਵੇ।
ਚਰਨ ਗੁਰੂ ਦੇ ਜਿਹਨਾਂ ਨੇ ਫੜ ਲੀਤੇ, "ਨਾਨਕ ਨਦਰੀ ਨਦਰਿ ਨਿਹਾਲ" ਹੋਵੇ।੨।

ਸੋਹਣੇ ਗੁਰੂ ਦੇ ਚਰਨ ਗਿਆਨ ਸੂਰਜ, ਨੂਰੀ ਤੇਜ ਨੂਰਾਨੀ ਪ੍ਰਕਾਸ਼ ਦੇਵਣ।
ਸੋਹਣੇ ਗੁਰੂ ਦੇ ਚਰਨ ਗੋਬਿੰਦ ਵਰਗੇ, ਭਗਤੀ ਭਾਵ ਰੂਹਾਨੀ ਪ੍ਰਕਾਸ਼ ਦੇਵਣ।
ਸੋਹਣੇ ਗੁਰੂ ਦੇ ਚਰਨ ਸੁਹਾਗਣਾਂ ਦੀ, "ਰਾਮ ਨਾਮ" ਦੀ ਗਾਨੀ ਪ੍ਰਕਾਸ਼ ਦੇਵਣ।
ਸੋਹਣੇ ਗੁਰੂ ਦੇ ਚਰਨ ਹਨ 'ਨਿਤ ਨਵੇਂ", ਜੀਵਨ-ਮੁਕਤ ਕੁਰਬਾਨੀ ਪ੍ਰਕਾਸ਼ ਦੇਵਣ।
ਪਰਸ ਪਰਸ ਕੇ ਗੁਰੂ ਦੇ ਚਰਨ ਸੋਹਣੇ, ਨੇਤਰ ਤੀਸਰਾ ਦਸਮ ਦੁਆਰ ਵੇਖੇ।
"ਨਿਰਾ ਨੂਰ ਹੈ" 'ਵਾਹਿਗੁਰੂ' ਸ਼ੁਧ ਚਾਨਣ, ਬਾਰ ਖੋਲ੍ਹ ਕੇ ਭਗਤ-ਪਿਆਰ ਵੇਖੇ।੩।

ਚਰਨ ਗੁਰੂ ਦੇ "ਲੋਕ" "ਪਰਲੋਕ" ਦੋਵੇਂ, ਚਾਰੇ ਕੁੰਟ ਖ਼ੁਦਾ ਦੇ ਵੱਸਣ ਏਥੇ।
ਜੀਵਨ ਆਪਣਾ ਸਫਲਾ ਕਰਨ ਖ਼ਾਤਰ, ਅੱਖਰ ਪ੍ਰੇਮ-ਪਿਆਰ ਦੇ ਹੱਸਣ ਏਥੇ।
ਮਹਿਕ ਓਹਨਾਂ ਦੀ ਸਦਾ ਬੈਕੁੰਠ ਜਾਵੇ, ਜਿਹੜੇ ਚਰਨਾਂ ਨੂੰ ਰਜ ਕੇ ਪਰਸਣ ਏਥੇ।
ਸੂਰਜ ਵਾਂਗਣਾ ਲਾ ਕੇ ਚਰਨ-ਧੂੜੀ, ਸੁੰਦਰ ਮੁਖੜੇ ਚਮਕ ਕੇ ਦੱਸਣ ਏਥੇ।
ਚਰਨ ਗੁਰੂ ਦੇ ਆਸਰਾ ਦੇਣ ਵਾਲੇ, ਹੰਝੂ ਹਾਸਿਆਂ ਵਿਚ ਬਦਲਾ ਦੇਵਣ।
ਜਾਗੇ ਜੋਤਿ "ਅਨਭਵ ਪ੍ਰਕਾਸ਼" ਆਵੇ, ਸੱਚੀ ਲਗਨ ਨੂੰ ਸਫਲ ਬਣਾ ਦੇਵਣ।੪।

ਸਾਰੇ ਜਗ ਨੇ ਬਾਣੀ ਤੋਂ ਲਿਆ ਚਾਨਣ, ਸੰਤਾਂ ਸਾਰਿਆਂ ਗੁਰੂ ਦੇ ਚਰਨ ਚੁੰਮੇ।
ਨੂਰੀ ਸੂਰਜਾਂ ਵਿਚ ਜੋ ਵਸਣ "ਕਿਰਨਾਂ", ਲੱਖਾਂ ਤਾਰਿਆਂ ਗੁਰੂ ਦੇ ਚਰਨ ਚੁੰਮੇ।
ਮਿੱਠਾ ਕੀਰਤਨ ਅੰਮ੍ਰਿਤ-ਮਈ ਸੁਣ ਕੇ ਤੇ, ਗੁਰੂ-ਪਿਆਰਿਆਂ ਗੁਰੂ ਦੇ ਚਰਨ ਚੁੰਮੇ।
ਚਉਰ ਸਾਹਿਬ ਚੋਂ ਸ਼ਰਧਾ ਨਾਲ ਰੰਗੇ, ਗੁਪਤ ਹੁਲਾਰਿਆਂ ਗੁਰੂ ਦੇ ਚਰਨ ਚੁੰਮੇ।
ਗੁਰਪੁਰੀ ਵਿਚ ਉਸ ਦੀ ਹੋਈ ਮਹਿਮਾ, ਸੀਸ ਚਰਨਾਂ ਤੇ ਜਿਸ ਨੇ ਰੱਖਿਆ ਏ।
ਉਹਨੂੰ ਭੁੱਲ ਗਏ ਦੂਸਰੇ ਰਸ ਸਾਰੇ, ਜੀਹਨੇ ਅਮਿਉ-ਰਸ ਨੂੰ ਚੱਖਿਆ ਏ।੫।

[ਬਾਕੀ ਦੇਖੋ ਕਵਿਤਾ ਸਫਾ ੨੦ ਦੇ ਹੇਠ



www.AKJ.Org

# ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੀ ਸਾਡੇ ਗੁਰੂ ਹਨ —— ਕਿਵੇਂ ?

[ ਗਿ: ਜਗਜੀਤ ਸਿੰਘ ਸਿਦਕੀ ਅਤੇ ਗਿ: ਹਰਭਜਨ ਸਿੰਘ ਜੀ, ਗੁਰਦੁਆਰਾ ਸ਼ਹੀਦਾਂ, ਲੁਧਿਆਣਾ ]
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

(੧)

ਸ੍ਰਿਸ਼ਟੀ ਜੀਊਂਦੀ ਹੈ ਅਤੇ ਇਸ ਵਿਚਲੇ ਪ੍ਰੀਵਰਤਨਾਂ ਅਤੇ ਅੰਦੋਲਨਾਂ ਕਾਰਨ ਨਿਰੰਤਰ ਨਾਦ ਉਪਜਦਾ ਰਹਿੰਦਾ ਹੈ। ਰਲਵਾਂ ਮਿਲਵਾਂ ਇਹ ਸ਼ੋਰ, ਸ੍ਰਿਸ਼ਟੀ ਦੇ ਕਣ ਕਣ ਦੇ ਜੀਊਂਦੇ ਹੋਣ ਦਾ ਪ੍ਰਤੀਕ ਹੈ, ਆਦੀ ਹੈ ਤੇ ਸ੍ਰਿਸ਼ਟੀ ਦੀ ਜਿੰਦ ਜਾਨ ਹੈ। ਤਿਵੇਂ ਹੀ ਸੁਣੇ ਜਾਂਦੇ ਇਸ ਨਾਦ ਤੋਂ ਇਲਾਵਾ ਇਕ ਹੋਰ ਸ਼ੋਰ ਹੈ ਜੋ ਸੁਰਤੀ ਦੇ ਅੰਦਰ ਵਿਚਾਰਾਂ ਦੇ ਤਾਣੇ ਬਾਣੇ ਕਾਰਨ ਹੈ, ਅਤੇ ਜੋ ਸੁਰਤਿ ਦੇ ਕ੍ਰਿਆਸ਼ੀਲ ਹੋਣ ਦਾ ਪ੍ਰਮਾਣ ਹੈ।

ਅਧੂਰੀ ਪਸ਼ੂ-ਚੇਤਨਾ ਨੇ ਪਦਾਰਥ ਨੂੰ ਦੇਖਿਆ ਸੁਣਿਆ, ਸੁੰਘਿਆ, ਚੱਖਿਆ, ਛੁਹਿਆ ਤੇ ਪਛਾਣਿਆ ਹੈ, ਜਦ ਕਿ ਉਚੇਰੀ ਮਨੁੱਖ-ਚੇਤਨਾ ਨੇ ਪਛਾਣ ਕੇ ਵੀਚਾਰਿਆ, ਨਾਉਂ ਰਖੇ, ਬਿਆਨਿਆ ਅਤੇ ਇਹ ਵਿਚਾਰ ਨਾਮ ਅਤੇ ਬਿਆਨ, ਸ਼ਬਦ ਹੋ ਗਏ, ਭਾਸ਼ਾ ਹੋ ਗਏ।

ਇਹ ਸ਼ਬਦ, ਇਹ ਭਾਸ਼ਾਵਾਂ ਜਾਣਕਾਰੀ ਅਥਵਾ ਗਿਆਨ ਦਾ ਮਾਰਗ ਬਣੀਆਂ, ਜਿਸ ਵਿਚ ਮਨੁਖ ਦੇ ਵਿਚਾਰ ਨੇ ਜਾਣਕਾਰੀ ਦੀਆਂ ਸਿਖਰਾਂ ਨੂੰ ਛੁਹਿਆ। ਭਾਵ, ਇਸ ਦਾ ਗਿਆਨ, ਸ੍ਰਿਸ਼ਟੀ ਦੇ ਰਚਨਹਾਰ ਤੱਕ ਇਸ ਦੀ ਸੁਰਤਿ ਨੂੰ ਲੈ ਨਿਬੜਿਆ। ਉਦੋਂ ਮਨੁੱਖ ਪੂਰਨ ਹੋ ਗਿਆ, ਸੁਫਲ ਹੋ ਗਿਆ, ਸ਼ਾਂਤ ਹੋ ਗਿਆ। ਪ੍ਰਮਾਤਮਾ ਹੀ ਹੋ ਗਿਆ। ਸ੍ਰੇਸ਼ਟ ਚੇਤਨਾ, ਵਿਸਮਾਦੀ ਭਾਸ਼ਾ ਵਾਲੇ ਅਜਿਹੇ ਪੂਰਨ ਮਨੁੱਖ ਤੋਂ ਜੋ ਕੁਝ ਉਚਰਿਆ ਗਿਆ, ਉਹ ਜੀਵਨ-ਜਾਚ ਸੀ, ਕਰਤਾਰ ਦਾ ਹੁਕਮ ਸੀ, ਉਚੇਚਾ ਸੀ...

ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ ॥੧੨॥
[ਗਉੜੀ ਕੀ ਵਾਰ ਮ: ੪, ਪੰਨਾ ੩੦੬

---

( ਸਫਾ ੧੯ ਦੀ ਬਾਕੀ ਕਵਿਤਾ )

ਸ਼ਰਧਾ ਨਾਲ ਜੋ ਗੁਰੂ ਦੇ ਚਰਨ ਪਰਸਨ, ਜਨਮ ਮਰਨ ਦਾ ਗੇੜ ਉਹ ਕੱਟ ਲੈਂਦੇ।
ਰਹਿ ਕੇ ਚਰਨਾਂ ਵਿਚ, ਕਰ ਕੇ ਖਰਾ ਸੌਦਾ, ਨੱਫ਼ਾ ਨਾਮ ਦੀ ਦਾਤਿ ਦਾ ਖੱਟ ਲੈਂਦੇ।
ਆਵੇ ਝਖੜ, ਮੀਂਹ ਤੂਫ਼ਾਨ ਭਾਵੇਂ, ਸ਼ਬਦ-ਦੁਆਰਾ ਉਹ ਰਸਤਾ ਕੱਟ ਲੈਂਦੇ।
ਉਹ ਪਿਆਰੇ ਚਰਨਾਂ ਦੇ ਰਹਿਣ ਭੌਰੇ, ਸਿਮਰ ਸਿਮਰ ਜੋ ਵਾਹਿਗੁਰੂ ਰੱਟ ਲੈਂਦੇ।
ਰਹਿ ਕੇ ਚਰਨਾਂ ਵਿਚ ਭਰ ਸੁਭਰ ਹੋ ਕੇ, ਸਚਖੰਡ ਤੋਂ ਜਿਨ੍ਹਾਂ ਦੀ ਸੁਰਤਿ ਆਈ।
ਹੇ ਪਿਆਰਿਓ, ਗੁਰੂ-ਦਰਬਾਰ ਅੰਦਰ, ਸੋਝੀ ਸਿਫ਼ਤ ਸਲਾਹ ਦੀ ਤੁਰਤ ਆਈ।੬।
ਮਹਿਮਾ, ਕੀਰਤੀ, ਸਹਿਜ ਖੁਮਾਰ, ਮਸਤੀ, ਇਹਦੇ ਚਰਨ ਪਿਆਰ ਨੂੰ ਰੰਗ ਦੇਵਣ।
ਰੰਗ ਨਾਮ ਦਾ ਚਾੜ੍ਹ ਕੇ ਚਰਨ ਨੂਰੀ, ਨੂਰੋ ਨੂਰ ਝੁਨਕਾਰ ਨੂੰ ਰੰਗ ਦੇਵਣ।
ਆਤਮ-ਮੰਡਲਾਂ ਵਿਚ ਜੋ ਵੱਸਣ ਵਾਲੇ, ਇਕ ਇਕ ਚਮਤਕਾਰ ਨੂੰ ਰੰਗ ਦੇਵਣ।
"ਪਾਰਬ੍ਰਹਮ ਤੋਂ ਪਾਰ" ਜੋ ਪਈ ਚਮਕੇ, ਨੂਰੀ ਗੁਪਤ ਗੁਲਜ਼ਾਰ ਨੂੰ ਰੰਗ ਦੇਵਣ।
ਸੇਵਾ ਕਰਨ ਸਾਰੇ, ਤਨੋਂ ਮਨੋਂ ਹੋ ਕੇ, ਚਰਨ ਤਰਸਦੇ "ਸ਼ਬਦ ਵਿਚਾਰ" ਵਾਲੇ।
'ਰਾਜ਼' ! ਗੁਰੂ ਹਨ ਗੁਰੂ ਗ੍ਰੰਥ ਸਾਹਿਬ, ਮਿੱਠ-ਬੋਲੜੇ ਪਾਠ ਦੀਦਾਰ ਵਾਲੇ।੭।

[ ਜਿਹੜੇ ਗੁਰਸਿਖ ਕਵਿਤਾ ਪੜ੍ਹ ਕੇ ਵਿਚਾਰ ਭੇਜਣਗੇ, ਓਹਨਾਂ ਨੂੰ "ਜੀ ਆਇਆਂ ਨੂੰ" ਕਹਿ ਕੇ ਸ਼ੁਕਰ ਸ਼ੁਕਰ ਕਰਾਂਗਾ। ]



www.AKJ.Org

ਉਹਨਾਂ ਸਾਧ-ਬਚਨਾਂ ਵਿਚ, ਸ੍ਰੇਸ਼ਟ ਸ਼ਬਦਾਂ ਵਿਚ ਖਿੱਚ ਸੀ, ਰਸ ਸੀ, ਹਲੂਣਾ ਸੀ, ਪਿਆਰ ਸੀ ਤੇ ਪ੍ਰਭਾਵ ਸੀ, ਕਿਉਂਕਿ ਇਨ੍ਹਾਂ ਸ਼ਬਦਾਂ ਦੀ ਘਾੜਤ ਸਗਵੀਂ ਸੱਚੀ ਟਕਸਾਲ ਹੀ ਸੀ ।

ਸ਼ਬਦ ਦਾ ਪ੍ਰਭਾਵ ਉਂਜ ਹੀ ਸਭ ਤੋਂ ਪ੍ਰਬਲ ਮੰਨਿਆ ਗਿਆ ਹੈ । ਸ਼ਬਦ ਇਕ ਪਾਸੇ ਨਸ਼ਤਰ ਵੀ ਹੋ ਸਕਦਾ ਹੈ, ਉਸੇ ਸ਼ਬਦ ਦਾ ਦੂਸਰਾ ਰੂਪ ਮਰਹਮ ਵੀ ਹੈ । ਕਿਸੇ ਦੇ ਸ਼ਬਦ ਵਿਚੋਂ ਕਰੋਧ ਦੀ ਅਗਨੀ ਵੀ ਪ੍ਰਚੰਡ ਹੁੰਦੀ ਹੈ ਤੇ ਕਿਸੇ ਦੇ ਅੰਮ੍ਰਿਤ ਬਚਨਾਂ ਵਿਚੋਂ ਪ੍ਰੇਮ ਦਾ ਅੰਮ੍ਰਿਤ ਵਰਸਦਾ ਹੈ । ਆਦਿ ਕਾਲ ਤੋਂ ਵਰਤਮਾਨ ਤਕ ਤਬਾਹੀਆਂ ਤੇ ਉਸਾਰੀਆਂ ਦਾ ਕਾਰਨ ਬਣਨ ਵਾਲਾ ਸ਼ਬਦ-ਨਾਦ ਜਦੋਂ ਕਦੇ ਸੱਚੀ ਟਕਸਾਲ ਵਿਚ ਘੜਿਆ ਜਾ ਕੇ ਸੰਸਾਰ ਦੇ ਕਿਸੇ ਹਿਸੇ ਵਿਚ ਗੂੰਜਿਆ, ਹਜ਼ਾਰਾਂ ਤਪਦੇ ਹਿਰਦਿਆਂ ਨੂੰ ਸ਼ਾਂਤੀ ਮਿਲੀ, ਡੋਲਦਿਆਂ ਭਟਕਦਿਆਂ ਨੂੰ ਧਰਵਾਸ ਮਿਲੀ, ਧਰਮ ਬਣੇ, ਮਾਰਗ ਬਣੇ ਅਤੇ ਧੁਰਾਂ ਦੇ ਇਹ ਸੁੰਦਰ ਸੁਨੇਹੇ ਜਿਸ ਵੀ ਮੁਖ ਤੋਂ ਉਚਰੇ ਗਏ, ਉਹ ਮਸੀਹਾ ਹੋ ਗਿਆ, ਬੁਧ ਹੋ ਗਿਆ, ਨਬੀ ਹੋ ਗਿਆ, ਅਵਤਾਰ ਕਹਾਇਆ ਤੇ ਪੂਜਿਆ ਗਿਆ ।

ਪਰ ਸਮਾਂ ਪਾ ਕੇ ਜਦ ਉਚਾਰਨ ਵਾਲਾ ਪਵਿਤਰ ਸਰੀਰ ਸ੍ਰਿਸ਼ਟੀ ਦੀ ਅਟੱਲ ਮਰਯਾਦਾ ਅਨੁਸਾਰ ਸਮੇਂ ਦੇ ਸਮੁੰਦਰ ਵਿਚ ਸਮਾ ਗਿਆ ਤਾਂ ਬਚਨ ਪੁਰਾਣੇ ਹੋਣ ਲਗੇ, ਰਲੇ ਪੈਣ ਲਗੇ, ਮਗਰਲਿਆਂ ਹੱਥੋਂ ਤੋੜੇ ਮਰੋੜੇ ਜਾਣ ਲਗੇ । ਕਿਤੇ ਕਿਤੇ ਅਨੁਆਈਆਂ ਨੇ ਜਤਨ ਕਰ ਕੇ ਅਮੋਲਕ ਬਚਨਾਂ ਨੂੰ ਸੰਗ੍ਰਹਿ ਕੀਤਾ, ਲਿਖਤ ਵਿਚ ਲਿਆਂਦਾ ਅਤੇ ਵੇਦ, ਸ਼ਾਸਤਰ, ਪੁਰਾਣ, ਉਪਨਿਸ਼ਦ, ਕੁਰਾਨ, ਤੌਰੇਤ, ਅੰਜੀਲ ਤੇ ਹੋਰ ਅਨੇਕਾਂ ਗ੍ਰੰਥ ਹੋਂਦ ਵਿਚ ਆਉਂਦੇ ਗਏ । ਪਰ ਕਥਨੀ ਹੋਰਾਂ ਦੀ ਤੇ ਸੰਪਾਦਨ ਹੋਰਾਂ ਹੱਥੋਂ ਸੀ, ਅਮੋਲਕ ਬਚਨਾਂ ਦੇ ਸੁਧ, ਮੌਲਿਕ ਅਤੇ ਸਹੀ ਹੋਣ ਬਾਰੇ ਸੰਸੇ ਹੀ ਬਣੇ ਰਹੇ ।

(੨)

'ਬਾਣੀ ਗੁਰੂ, [ਧੰਨ ਗੁਰੂ ਗ੍ਰੰਥ ਸਾਹਿਬ] ਦੀ ਇਹ ਸ੍ਰੇਸ਼ਟਤਾ ਹੈ ਕਿ ਇਸ ਦਾ ਇਕ ਇਕ ਅੱਖਰ ਉਸੇ ਰੂਪ ਵਿਚ ਹੈ ਜਿਹਾ ਗੁਰੂ ਸਾਹਿਬਾਨ ਅਤੇ ਭਗਤ ਜਨਾਂ ਦੇ ਪਾਵਨ ਮੁਖ ਥੀਂ ਉਚਾਰਿਆ ਗਿਆ ।

ਗੁਰੂ ਨਾਨਕ ਸਾਹਿਬ ਦੇ ਅੰਦਰੋਂ ਅਗੰਮੀ ਹੁਕਮ ਦਾ ਪ੍ਰਗਟਾਅ ਗੁਰਬਾਣੀ ਦੇ ਸਰੂਪ ਵਿਚ ਹੋਇਆ —

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨੁ ਵੇ ਲਾਲੋ ॥

ਤਿਲੰਗ ਮ: ੧, ਪੰਨਾ ੭੨੨

ਅਤੇ ਇਹ ਅਗੰਮੀ ਹੁਕਮ, ਜੀਵਨ-ਜਾਚ, ਬ੍ਰਹਮ ਬੀਚਾਰ, ਨਾਲੋ ਨਾਲ ਲਿਖਿਆ ਜਾਂਦਾ ਰਿਹਾ, ਪੋਥੀ ਬਣਦੀ ਗਈ । ਭਾਈ ਗੁਰਦਾਸ ਜੀ ਦੀ ਲਿਖਤ "ਆਸਾ ਹਥਿ, ਕਿਤਾਬ ਕਛ" ਤੋਂ ਸੂਹ ਮਿਲਦੀ ਹੈ ਕਿ ਰੱਬੀ ਇਲਹਾਮ ਦੀ ਇਹ ਮੁਬਾਰਕ ਕਿਤਾਬ (ਪੋਥੀ) ਸਦਾ ਹੀ ਗੁਰੂ ਬਾਬੇ ਦੇ ਅੰਗ ਸੰਗ (ਬਗਲ ਵਿਚ) ਰਹੀ । ਮਕੇ ਦੇ ਹਾਜੀ ਗੁਰੂ ਬਾਬੇ ਦੀ ਅੰਮ੍ਰਿਤ-ਭਿੰਨੀ ਸ਼ਖਸੀਅਤ ਅਤੇ ਅੰਮ੍ਰਿਤ ਬਚਨਾਂ ਤੋਂ ਏਨੇ ਪ੍ਰਭਾਵਤ ਹੋਏ ਕਿ ਉਹ ਗੁਰੂ ਬਾਬੇ ਦੀ ਇਸ ਪੋਥੀ ਸਾਹਿਬ ਦੇ ਫੁਰਮਾਨ ਅਨੁਸਾਰ ਜੀਵਨ-ਸੇਧ ਪ੍ਰਾਪਤ ਕਰਨ ਲਈ ਉਤਾਵਲੇ ਹੋਇ ਜੋਦੜੀ ਕਰਦੇ ਹਨ —

"ਪੁਛਨਿ ਖੋਲ੍ਹਿ ਕਿਤਾਬ ਨੂੰ
ਵਡਾ ਹਿੰਦੂ ਕਿ ਮੁਸਲਮਨੋਈ ॥"

ਵਾਰ ੧, ਪਉੜੀ ੩੩

"ਜੋਤਿ ਓਹਾ ਜੁਗਤਿ ਸਾਇ"*, ਜੋ ਜੋਤਿ ਗੁਰੂ ਨਾਨਕ ਵਿਚ ਸੀ, ਉਹੋ ਲਹਿਣਾ ਜੀ ਵਿਚ ਸਮਾ ਗਈ ਅਤੇ ਉਹਨਾਂ ਅੰਦਰ ਤਾਂ ਹੀ ਪ੍ਰਵਿਰਤਿਤ ਹੋਈ ਸੀ, ਕਿਉਂਕਿ ਲਹਿਣਾ ਜੀ ਸ਼ਬਦ ਦੀ ਕਮਾਈ ਕਰਦੇ ਸੁਰਤਿ ਦੇ ਪੱਖੋਂ ਸ਼ਬਦ ਦਾ ਹੀ ਅੰਗ ਬਣ ਗਏ ਸਨ । ਉਨ੍ਹਾਂ ਅੰਦਰ ਵੀ ਅਗੰਮੀ ਹੁਕਮ (ਬਾਣੀ) ਦਾ ਸੋਮਾ ਫੁਟ ਪਿਆ ਸੀ ।

ਸ਼ਬਦ ਦਾ ਵਿਰਸਾ, ਭਾਈ ਲਹਿਣਾ ਨੂੰ (ਗੁਰੂ ਅੰਗਦ ਕਰ) ਸੌਂਪ ਕੇ ਗੁਰੂ ਨਾਨਕ ਦੇਵ ਜੀ ਨੇ

---

* ਸਤੇ ਬਲਵੰਡ ਦੀ ਵਾਰ, ਪੰਨਾ ੯੬੬



www.AKJ.Org

ਉਨ੍ਹਾਂ ਨੂੰ, ਭਾਵ, ਸ਼ਬਦ ਨੂੰ ਮੱਥਾ ਟੇਕਿਆ, ਪ੍ਰਦੱਖਣਾਂ ਕੀਤੀਆਂ ਤੇ ਫਿਰ ਸੰਗਤ ਰੂਪ ਵਿਚ ਸ੍ਰੋਤਾ ਬਣ ਬੈਠੇ। ਪੋਥੀ ਜਿਸ ਦੇ ਪਾਸ, ਹੁਕਮ ਜਿਸ ਤੋਂ ਫੁਰੇ, ਬਾਣੀ ਜਿਸ ਤੋਂ ਉਚਾਰਨ ਹੋਵੇ ਉਹੀ ਗੁਰੂ।

ਫਿਰ ਇਵੇਂ ਹੀ ਇਹ ਜੋਤਿ ਗੁਰੂ ਅਮਰਦਾਸ ਜੀ ਨੂੰ ਪ੍ਰਾਪਤ ਹੋਈ, ਗੁਰੂ ਰਾਮਦਾਸ ਜੀ ਤਕ ਪੁਜੀ, ਗੁਰੂ ਅਰਜਨ ਦੇਵ ਜੀ ਦੇ ਘਰ ਆਈ ਤੇ ਸੰਸਾਰ ਦੇਖਦਾ ਰਿਹਾ ਕਿ ਸਾਰੀ ਵਡਿਆਈ ਸ਼ਬਦ ਦੀ ਹੈ, ਬਾਣੀ ਦੀ ਹੈ। ਸੰਸਾਰੀ ਪਦਾਰਥ ਤੇ ਵਡਿਆਈਆਂ ਹੋਰ ਲੈ ਰਹੇ ਸਨ; ਪਰ ਸ਼ਬਦ ਦੀ ਲੜੀ ਵਖਰੀ ਤੁਰ ਰਹੀ ਸੀ।

ਪ੍ਰਿਥੀ ਚੰਦ ਕੋਲ ਇਸੇ ਸ਼ਬਦ-ਵਡਿਆਈ ਦੀ ਹੀ ਘਾਟ ਸੀ। ਹੋਰ ਕੀ ਨਹੀਂ ਸੀ ਉਸ ਪਾਸ? ਪਰ ਉਹ ਗੁਰੂ ਬਣਨਾ ਚਾਹੁੰਦਾ ਸੀ। ਆਪਣੀ ਬਾਣੀ ਰਚਣ ਲਗਾ, ਹੋਰਨਾਂ ਤੋਂ ਆਪਣੇ ਨਾਂ ਹੇਠਾਂ ਰਚਨਾ ਕਰਵਾਉਣ ਲਗਾ। ਪਰ ਜਿਸ ਦੀ ਸੁਰਤਿ ਪਦਾਰਥਾਂ ਅਤੇ ਮਾਨ-ਮਰਯਾਦਾ ਤੋਂ ਉੱਚੀ ਨਾ ਹੋਵੇ, ਉਸ ਦੀ ਫੋਕੀ ਬਾਣੀ ਦਾ ਕੀ ਅਸਰ! ਇਹ ਨਕਲ-ਬਾਜ਼ੀ ਭਵਿਖ ਵਿਚ ਤੌਖਲਾ ਬਣ ਸਕਦੀ ਸੀ। ਇਸੇ ਲਈ ਅਗੰਮੀ ਹੁਕਮ ਅਨੁਸਾਰ ਧੁਰ ਕੀ ਬਾਣੀ ਦਾ ਸੰਪਾਦਨ ਕਰ ਕੇ 'ਪੋਥੀ ਪਰਮੇਸਰ ਕਾ ਥਾਨੁ'‡ ਥਾਪਿਆ ਗਿਆ ਅਤੇ ਗੁਰ-ਜੁਗਤਿ ਦੇ ਧਾਰਨੀ, ਪਵਿਤਰ ਸਰੀਰ ਇਸ ਪੋਥੀ ਦੇ ਤਾਬਿਆ ਹੋ ਬੈਠੇ! ਹੁਣ ਤਕ ਉਚਰੀ ਗਈ, ਸ਼ਾਂਤੀ-ਮਈ ਬਾਣੀ ਹੁਣ ਕਮਾਈ ਜਾਵੇਗੀ। ਗੁਰਬਾਣੀ ਦੇ ਸੁਧ ਉਚਾਰਨ ਅਤੇ ਪ੍ਰੇਮ ਭਾਵਨਾ ਨਾਲ ਪੜ੍ਹਨ ਵਾਲਿਆਂ ਲਈ ਗੁਰ-ਆਸਣ ਹਾਜ਼ਰ ਹੈ।

ਪੋਥੀ ਸਾਹਿਬ ਨੂੰ ਧੀਰ ਮਲ ਚੁਕ ਕੇ ਲੈ ਗਿਆ—ਜੀਵਨ-ਸੇਧ ਪ੍ਰਾਪਤ ਕਰਨ ਲਈ ਨਹੀਂ, ਸਗੋਂ ਚੜ੍ਹਾਵਾ ਹੜੱਪ ਕਰਨ ਦੀ ਭਾਵਨਾ ਅਧੀਨ। ਬਪੁੜਾ ਧੀਰਮਲ ਪੋਥੀ ਸਾਹਿਬ ਦੇ ਨੇੜੇ ਹੈ, ਪਰ ਸ਼ਬਦ ਤੋਂ ਕੋਸੋਂ ਦੂਰ। ਕਿਡਾ ਵੱਡਾ ਰਹੱਸ ਹੈ।

‡ ਸਾਰੰਗ ਮः ੫, ਪੰਨਾ ੧੨੨੬

ਇਸ ਲਈ ਪੂਜਾ ਅਜੇ ਵੀ ਗੁਰੂ ਹਰਿ ਰਾਏ ਸਾਹਿਬ ਦੀ ਹੋਵੇਗੀ, ਕਿਉਂਕਿ ਉਥੇ ਸੁਰਤਿ ਅੰਦਰ ਸ਼ਬਦ ਦਾ ਵਾਸਾ ਹੈ, ਸ਼ਬਦ ਦਾ ਪਰਚਾ ਹੈ। ਇਹ ਹੀ ਸ਼ਬਦ ਦਾ ਸਹੀ ਸਤਿਕਾਰ ਹੈ।-ਇਸੇ ਲਈ ਤਾਂ ਦਰਸ਼ਨਾਂ ਨੂੰ ਆ ਰਹੀ ਸੰਗਤ ਦੇ ਦੂਰੋਂ ਹੀ ਸ਼ਬਦ ਗਾਉਣ ਦੀ ਧੁਨ ਕੰਨੀਂ ਪੈਂਦਿਆਂ ਸਤਵੇਂ ਪਾਤਸ਼ਾਹ ਝਟ ਮੰਜੇ ਤੋਂ ਉਤਰ ਬੈਠਦੇ ਹਨ। ਧੀਰ ਮਲ ਤਾਂ ਪੋਥੀ ਸਾਹਿਬ ਦੀ ਪੂਜਾ ਹੀ ਖਾ ਸਕਿਆ, ਪਰ ਗੁਰੂ ਘਰ ਵਿਚ ਜਿਥੇ ਸ਼ਬਦ-ਸੁਰਤਿ ਦੀ ਸਾਂਝ ਸੀ, ਨਵੀਂ ਲਿਖਤ ਹੋ ਗਈ, ਸੰਪੂਰਨ ਹੋ ਗਈ, ਉਤਾਰੇ ਹੋ ਗਏ। ਗੁਰ ਸ਼ਬਦ ਦਾ ਮਹਾਤਮ ਦ੍ਰਿੜ੍ਹ ਹੋ ਗਿਆ। ਗੁਰਸਿਖਾਂ ਅੰਦਰ ਗੁਰਬਾਣੀ ਪ੍ਰਤੀ ਸਤਿਕਾਰ ਸ਼ਰਧਾ, ਲਗ-ਮਾਤਰਾਂ ਅਨੁਸਾਰ ਸ਼ੁਧ ਉਚਾਰਨ ਅਤੇ ਵਿਚਾਰ ਕੇ ਜੀਵਨ ਵਿਚ ਧਾਰਨ ਕਰਨ ਦੀ ਜੁਗਤਿ ਦ੍ਰਿੜ੍ਹ ਹੋ ਗਈ। ਸ਼ਕਤੀ ਅਤੇ ਭਗਤੀ ਦਾ ਸੁੰਦਰ ਸੁਮੇਲ, ਖ਼ਾਲਸਾ, ਗੁਰੂ ਕਾ ਖ਼ਾਸ ਰੂਪ ਹੋ ਗਿਆ ਤੇ ਇਸ ਖ਼ਾਲਸੇ ਨੂੰ ਨਾਂਦੇੜ ਵਿਖੇ ਹੁਕਮ ਹੋਇਆ—

ਪੂਜਾ ਅਕਾਲ ਕੀ, ਦੀਦਾਰ ਖਾਲਸੇ ਕਾ, ਪਰਚਾ ਸ਼ਬਦ ਕਾ।

ਖ਼ਾਲਸੇ ਨੂੰ ਅਕਾਲ ਦੀ ਝੋਲੀ ਪਾ, ਪੋਥੀ ਸਾਹਿਬ ਨੂੰ ਗੁਰੂ ਪਦਵੀ ਤੇ ਦ੍ਰਿੜ੍ਹ ਕਰ ਕੇ, ਵਿਅਕਤੀ ਗੁਰੱਤਾ ਦਾ ਭੋਗ ਪਾ ਦਿਤਾ ਗਿਆ। ਦਸਾਂ ਪਵਿਤਰ ਜਾਮਿਆਂ ਵਿਚ ਜਿਸ ਜੋਤਿ ਨੇ ਜੀਵਨ-ਜਾਚਾਂ ਦਸਦਿਆਂ, ਸੰਸਾਰ ਨੂੰ ਨਾਮ ਅਤੇ ਨਾਮੀ ਨਾਲ ਜੋੜਿਆ, ਹੁਣ ਉਹ ਸ਼ਬਦ-ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਲੂਲ ਹੋ ਗਈ।

ਦਸਮੇਸ਼ ਜੀ ਦੇ ਜੋਤੀ ਜੋਤਿ ਸਮਾਉਣ (੧੭੦੮ ਈਸਵੀ) ਤੋਂ ਪਹਿਲਾਂ ਭਾਈ ਨੰਦ ਲਾਲ ਜੀ ਗੋਯਾ ਨੇ ਪੁਛਿਆ ਸੀ, 'ਮਹਾਰਾਜ ਸੰਗਤ ਕਿਸ ਦੇ ਦਰਸ਼ਨ ਕਰੇਗੀ, ਕਿਸ ਤੋਂ ਹੁਕਮ ਲਵੇਗੀ ?'' ਹੁਕਮ ਹੋਇਆ ਸੀ—

ਤੀਨ ਰੂਪ ਹੈ ਮੋਹਿ ਕੋ ਸੁਣੋ ਨੰਦ ਚਿੱਤ ਲਾਇ।
ਨਿਰਗੁਣ, ਸਰਗੁਣ, ਗੁਰ ਸ਼ਬਦ,
ਕਹਹੁੰ ਤੋਹਿ ਸਮਝਾਇ ॥



www.AKJ.Org

ਇਕ ਰੂਪ ਤਿਹ ਗੁਣ ਤੇ ਪਰੈ ॥... ...
ਦੂਸਰ ਰੂਪ ਗ੍ਰੰਥ ਜੀ ਜਾਨ ॥
ਉਨ ਕੇ ਅੰਗ ਮੇਰੋ ਕਰ ਮਾਨ ॥
ਜੋ ਮੁਝ ਬਚਨ ਸੁਣਨ ਕੀ ਚਾਇ,
ਗ੍ਰੰਥ ਜੀ ਪੜ੍ਹੇ ਸੁਣੇ ਚਿਤ ਲਾਇ ॥
ਤੀਸਰ ਰੂਪ ਸਿਖ ਹੈ ਮੋਰ,
ਗੁਰਬਾਣੀ ਰਤ ਜਿਹ ਨਿਸ ਭੋਰ ॥

[ਰਹਿਤਨਾਮਾ ਭਾ: ਨੰਦ ਲਾਲ ਜੀ(੧੭੧੨ ਈਸਵੀ)

ਹਜ਼ੂਰੀ ਕਵੀ ਸੈਨਾਪਤਿ ਜੀ ਰਚਿਤ ਗੁਰ ਸੋਭਾ (੧੭੧੧ ਈ:) ਵਿਚ ਵਰਨਣ ਹੈ—

ਸਤਿਗੁਰੂ ਹਮਾਰਾ ਅਪਰ ਅਪਾਰਾ
ਸਬਦ ਬੀਚਾਰਾ ਅਜਰ ਜਰੀ ।
ਹਿਰਦੇ ਧਰ ਧਿਆਨੀ ਉਚਰੀ ਬਾਨੀ
ਪਦ ਨਿਰਬਾਨੀ ਅਪਰ ਪਰੀ ।

ਭਾ: ਕੁਇਰ ਸਿੰਘ ਜੀ ਭਾ: ਮਨੀ ਸਿੰਘ ਜੀ ਦੇ ਅਤਿ ਨਿਕਟਵਰਤੀ ਸਨ, ਉਨ੍ਹਾਂ ਨੇ ਗੁਰ ਬਿਲਾਸ ਪਾ: ੧੦ (੧੭੫੧ ਈ:) ਵਿਚ ਦਸਿਆ ਹੈ—

ਅਬ ਕਲਿਜੁਗ ਕੀ ਸੁਣੀਏ ਰੀਤ ।
ਏਕਸ ਪਰ ਨਹਿ ਹੋਇ ਪ੍ਰਤੀਤ ।੮੬।
ਹਰਿ ਸਿਮਰਨ ਬਿਨ ਕਾਮ ਵਿਕਾਰੀ ।
ਸੰਤ ਕਹਾਵੈਂ, ਚਿਤ ਪਰਨਾਰੀ ।੯੨।
ਤਾਂ ਤੇ ਜੋ ਮੁਹਿ ਸਿਖ ਸੁਜਾਨਾ ।
ਮਾਨੇ ਗੁਰੂ ਗ੍ਰੰਥ ਭਗਵਾਨਾ ।੯੩। ....
ਤਬ ਪੁਨ ਆਪ ਉਠੇ ਸਭ ਸੰਗਾ ।
ਪੈਸੇ ਪਾਂਚ ਨਲੀਏਰ ਸੁ ਅੰਗਾ ।੯੯।
ਲੈ ਕੇ ਤਾਹਿ ਅਰਪ, ਕੀ ਬੰਦਨ ।
ਪ੍ਰਦੱਖਣ ਕਰਤੇ ਮਨ ਰੰਗਨ ।
ਕਹਾ, 'ਜੋਇ ਬਚ ਕੀਨਾ ਚਾਹੇ ।
ਪਾਠ ਕਰੈ ਗੁਰ ਕੋ, ਸੁਖ ਪਾਏ ।੧੦੦।
ਯਾ ਸਮ ਔਰ ਕੋਈ ਗੁਰ ਨਾਹੀ ।
ਬਿਨਾ ਕਾਨ, ਸਚ ਬਾਕ ਭਨਾਹੀ ।

ਭਾ: ਕੇਸਰ ਸਿੰਘ ਛਿੱਬਰ ਲਿਖਤ ਬੰਸਾਵਲੀਨਾਮਾ (੧੭੭੯ ਈ:) ਵਿਚ ਵਰਨਣ ਹੈ —

ਆਗਿਆ ਗ੍ਰੰਥ ਸਾਹਿਬ ਕੀ ਕਰਨੀ
ਸਬਦ ਦੀ ਖੋਜਨਾ — — —
ਦਸਵਾਂ ਪਾਤਸ਼ਾਹ ਗਦੀ ਗੁਰਿਆਈ ਦੀ,
ਗ੍ਰੰਥ ਸਾਹਿਬ ਨੂੰ ਦੇ ਗਿਆ ।
ਅਜ ਪ੍ਰਤੱਖ ਗੁਰੂ ਅਸਾਡਾ ਗ੍ਰੰਥ ਸਾਹਿਬ ਹੈ,
ਸੋਈ ਗਿਆ ਜੋ ਗ੍ਰੰਥੋਂ ਗਿਆ ।

ਮਹਿਮਾ ਪ੍ਰਕਾਸ਼ ਕਿਰਤ ਸਰੂਪ ਦਾਸ ਭੱਲਾ (੧੮੫੩ ਬਿਕ੍ਰਮੀ) ਵਿਚ ਦਰਜ ਹੈ—

"ਜੋ ਦਸ ਸਰੂਪ ਹਮਾਰੇ ਪੂਰਨ ਭਏ । ਅਬ ਮੇਰੀ ਜਾਹਗਾ ਗੁਰ ਗਿਰੰਥ ਸਾਹਿਬ ਕੋ ਜਾਨਨਾ । ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੇ ਆਦਿ ਗਿਰੰਥ ਸਾਹਿਬ ਕਾ ਪਾਠ ਕਰਨਾ । ਮੇਰੇ ਤੇ ਬਾਤਾ ਹੋਵੈਗੀ..."

ਬਿਆਨ ਖ਼ਾਨਦਾਨ ਕਰਾਮਤ ਨਿਸ਼ਾਨਿ ਬੇਦੀਆਂ, ਕ੍ਰਿਤ ਸੰਤ ਸਿੰਘ ਮੁਨਸ਼ੀ ਵਿਚ ਸਪੱਸ਼ਟ ਹੈ —

...... ਅਰ ਕਹਾ ਕਿ ਤੁਮ ਪੰਥ ਹਮਾਰੇ ਬਾਦ ਗੁਰੂ ਗ੍ਰੰਥ ਸਾਹਿਬ ਗੁਰੂ ਸਮਝੋ ਔਰ ਅਹਿਕਾਮਾਤਿ ਮੰਦਰਜਾ ਕੀ ਤਾਮੀਲ ਕਰੋ । ਔਰ ਯਹ ਦੋਹਿਰਾ ਫ਼ੁਰਮਾਇਆ—

ਗੁਰੂ ਗ੍ਰੰਥ ਜੀ ਮਾਨਿਏ, ਪ੍ਰਗਟ ਗੁਰੂ ਦੀ ਦੇਹ ।
ਜੋ ਸਿਖ ਮੁਹਿ ਮਿਲ੍ਬੋ ਚਹੇ ਖੋਜ ਇਸੀ ਮੈ ਲੇਹ ।

ਬਾਵਾ ਸੁਮੇਰ ਸਿੰਘ ਜੀ ਦੁਆਰਾ ਲਿਖਿਅਤ ਪੋਥੀ ਗੁਰ ਬਿਲਾਸ ਕੀ, ਵਿਚ ਜ਼ਿਕਰ ਹੈ—

ਰੂਪ ਇਕਾਦਸ ਗੁਰੂ ਗ੍ਰੰਥ ਸਿਰ,
ਤਾ ਛਿਨ ਸ੍ਰੀ ਪ੍ਰਭ ਆਏ ।
ਪੈਸੇ ਪਾਂਚ ਨਲੇਰ ਰਖ ਕਰ ਗੁਰਿਆਈ ਸੁਧਰਾਏ ।

ਅਤੇ ਅੰਤ ਵਿਚ ਪੰਥ ਪ੍ਰਕਾਸ਼ ਕ੍ਰਿਤ ਗਿਆਨ ਸਿੰਘ ਗਿਆਨੀ (੧੮੮੯ ਈ:) ਵਿਚੋਂ ਵਿਸਥਾਰ ਸਹਿਤ—

ਨਾਨਕ ਗੁਰੂ ਗੋਬਿੰਦ ਸਿੰਘ ਪੂਰਨ ਹਰਿ ਅਵਤਾਰਾ ।
ਜਗਮਗ ਜੋਤ ਬਿਰਾਜਹੀ ਸ੍ਰੀ ਗੁਰੂ ਗ੍ਰੰਥ ਮਜਾਰਾ ।
ਆਗਿਆ ਭਈ ਅਕਾਲ ਕੀ ਤਬੀ ਚਲਾਯੋ ਪੰਥ ।...
ਸ਼ਰਧਾ ਕਰ ਜੋ ਸੇਵ ਹੈ, ਸੋ ਉਤਰੇ ਭਵ ਪਾਰ ।

ਉਪਰੋਕਤ ਹਵਾਲਿਆਂ ਤੋਂ ਇਲਾਵਾ ਵੀ ਕਿਤਨੇ ਹੀ ਹਿੰਦੂ, ਮੁਸਲਮਾਨ ਅਤੇ ਗੁਰਸਿਖ ਇਤਿਹਾਸਕਾਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਗੁਰੂ ਦਾ ਹੁਕਮ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ



www.AKJ.Org

ਦਾ ਹੈ ਅਤੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਹੀ ਮਿਲੀ ।

ਬਾਣੀ ਦੇ ਅੰਦਰ ਵੀ ਗੁਰੂ ਵਿਅਕਤੀਆਂ ਦੁਆਰਾ, ਸ਼ਬਦ, ਅਥਵਾ ਬਾਣੀ ਨੂੰ ਹੀ ਗੁਰੂ ਕਰਕੇ ਜਾਨਣ ਦਾ ਸਪੱਸ਼ਟ ਹੁਕਮ ਹੈ । ਭਾਈ ਗੁਰਦਾਸ ਜੀ ਭੱਲਾ ਨੇ ਵੀ 'ਗੁਰ ਮੂਰਤਿ ਗੁਰ ਸਬਦ ਹੈ' ਦੀ ਹੀ ਸਾਖ ਭਰੀ ਹੈ ।

ਸੱਚ ਤਾਂ ਇਹ ਹੈ ਕਿ ਕਿਸੇ ਵੀ ਮਹਾਨ ਵਿਅਕਤੀ ਦੀ ਵਡਿਆਈ, ਉਸ ਦੇ ਵਿਚਾਰ ਅਥਵਾ ਕਥਨ ਤੋਂ ਹੁੰਦੀ ਹੈ । ਵਡਿਆਈ ਸ਼ਬਦ ਦੀ ਹੀ ਹੈ ਅਤੇ ਸ਼ਬਦ ਤਾਂ ਪੂਰਨ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿਚ ਪ੍ਰਾਪਤ ਹੈ । ਇਸ ਸ਼ਬਦ ਨੂੰ ਸੁਣਨਾ ਹੀ ਗੁਰੂ ਨਾਨਕ ਦੇਵ ਜੀ ਨੂੰ ਸੁਣਨਾ ਹੈ । ਇਸ ਨੂੰ ਮੰਨਣਾ ਹੀ ਗੁਰੂ ਨਾਨਕ ਦੇਵ ਜੀ ਨੂੰ ਮੰਨਣਾ ਹੈ । ਇਸ ਦਾ ਸਤਿਕਾਰ ਹੀ ਗੁਰੂ ਦਾ ਅਥਵਾ ਨਿਰੰਕਾਰ ਦਾ ਅਦਬ ਹੈ । ਫਿਰ ਇਹ ਸ਼ਬਦ ਕਮਾ ਕੇ ਜੀਵਨ ਵਿਚ ਰਚਾ ਕੇ ਉਚਰਿਆ ਗਿਆ ਹੈ । ਗੁਰੂ ਵਿਅਕਤੀਆਂ ਤੋਂ ਬਿਨਾਂ ਜੋ ਭਗਤ ਬਾਣੀ, ਆਦਿ-ਗ੍ਰੰਥ ਵਿਚ ਦਰਜ ਹੈ ਉਹ ਵੀ ਸਾਹਿਬ ਪੰਚਮ ਪਾਤਸ਼ਾਹ ਦੁਆਰਾ "ਪਰਖ ਖਜਾਨੈ" ਪਾਈ ਗਈ ਹੋਈ ਹੈ; ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ ।

ਫਿਰ ਵੀ ਸੰਸਾ-ਗ੍ਰਸਤ ਹਿਰਦੇ ਕਈ ਵਾਰੀ ਭੁਲਾ-ਵਿਆਂ ਦਾ ਸ਼ਿਕਾਰ ਹੋ ਜਾਂਦੇ ਹਨ । ਅਨਮਤੀਆਂ ਵਲੋਂ ਸਰੀਰਾਂ ਦੀ ਮਹੱਤਤਾ ਤੇ ਜ਼ੋਰ ਹੈ, ਪਰ ਇਹ ਪਦਾਰਥਵਾਦ ਹੈ, ਅਧਿਆਤਮਵਾਦ ਨਹੀਂ । ਸ਼ਬਦ ਦੀ ਪੂਜਾ ਅਤੇ ਕਮਾਈ ਕਾਰਨ ਦੰਭ ਦੀਆਂ ਦੁਕਾਨਾਂ ਦੇ ਵਪਾਰ ਵਿਚ ਵਿਘਨ ਪੈਂਦਾ ਹੈ । ਇਸੇ ਲਈ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਸਿਧਾਂਤ ਦੇ ਵਿਰੁਧ ਪਰਚਾਰ ਦਾ ਸਾਰਾ ਜ਼ੋਰ ਲਾਇਆ ਜਾ ਰਿਹਾ ਹੈ । ਸੁਚੇਤ ਹੋਣ ਦੀ ਲੋੜ ਹੈ । ਗੁਰੂ ਗ੍ਰੰਥ ਸਾਹਿਬ ਦੇ ਟਾਕਰੇ ਗੁਰ-ਮੂਰਤਾਂ ਅਤੇ ਗੁਰਮੂਰਤੀਆਂ ਦੇ ਹੜ੍ਹ ਨੂੰ ਰੋਕਣ ਦੀ ਲੋੜ ਹੈ । ਦ੍ਰਿੜ੍ਹ ਨਿਸਚੇ ਦੀ ਲੋੜ ਹੈ । ਕੁਝ ਪ੍ਰਸ਼ਨ ਉਠਦੇ ਰਹਿੰਦੇ ਹਨ; ਜਿਨ੍ਹਾਂ ਦੇ ਉੱਤਰ ਜ਼ਰੂਰੀ ਹਨ—

ਪ੍ਰਸ਼ਨ ਨੰ:੧—ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁੱਤ-ਪੂਜਾ ਨਹੀਂ ? ਇਹ ਨਾ ਬੋਲ ਸਕਦੇ ਹਨ ਨਾ ਆਪਣੀ ਮਰਜ਼ੀ ਨਾਲ ਹਿਲ ਜੁਲ ਸਕਦੇ ਹਨ ।

ਉੱਤਰ : ਸ੍ਰਿਸ਼ਟੀ ਅੰਦਰ ਪੱਥਰ ਤੋਂ ਲੈ ਕੇ ਰਚਨਾ ਦੇ ਸਿਖਰ, ਭਾਵ ਮਨੁਖ ਤਕ ਸਾਰੇ-ਕੁਝ ਦਾ ਮੂਲ ਤੱਤ ਇਕੋ ਹੀ ਸ਼ਕਤੀ, ਵਿਗਿਆਨ ਨੇ ਵੀ ਮੰਨਿਆ ਹੈ । ਇਸ ਤਰ੍ਹਾਂ ਪੱਥਰ ਦੇ ਬੁੱਤ ਤੇ ਹੱਡ ਮਾਸ ਦੇ ਬੁੱਤ (ਦੇਹ) ਦੀ ਪੂਜਾ ਇਕੋ ਕੁਝ ਹੈ । ਜੋ ਸਰੀਰ ਨੂੰ ਹੀ ਪੂਜਣ ਯੋਗ ਸਮਝਦੇ ਹਨ, ਉਹ ਆਪ ਬੁੱਤ-ਪੂਜ ਹਨ ।

ਪੱਥਰ ਵਿਚ ਹਰਕਤ ਨਹੀਂ ਅਤੇ ਮਨੁੱਖੀ ਸਰੀਰ ਵਿਚ ਹਰਕਤ ਹੈ । ਪਰ ਸਰੀਰ ਦੀ ਹਰਕਤ ਸਥਾਈ ਨਹੀਂ ਤੇ ਇਕ ਦਿਨ ਬੰਦ ਹੋਣ ਵਾਲੀ ਹੈ, ਜਿਸ ਮਗਰੋਂ ਇਹ ਬੁੱਤ (ਦੇਹ) ਕੁਝ ਪਹਿਰ ਵੀ ਸਾਂਭ ਰਖਣਾ ਔਖਾ ਹੈ । ਅਸਲ ਵਿਚ ਵਿਅਕਤੀ ਨੂੰ ਪੂਜਣ ਵਾਲੇ ਵਿਅਕਤੀ ਵਿਸ਼ੇਸ਼ ਦੀ ਜੁਗਤਿ, ਉਸ ਤੋਂ ਮਿਲਦੀ ਪ੍ਰੇਰਨਾ, ਉਸ ਦੇ ਵਿਚਾਰਾਂ ਅਥਵਾ ਉਸ ਦੇ ਸ਼ਬਦ ਨੂੰ ਹੀ ਪੂਜਦੇ ਹਨ; ਸਰੀਰ ਨੂੰ ਨਹੀਂ । ਜੇਕਰ ਪੂਜਣ ਯੋਗ ਕੇਵਲ ਸ਼ਬਦ ਅਤੇ ਜੁਗਤਿ ਹੀ ਹੈ ਤਾਂ ਇਹ ਕੁਝ ਜਿਤਨਾ ਗੁਰੂ ਗ੍ਰੰਥ ਸਾਹਿਬ ਤੋਂ ਵਿਦਯਮਾਨ ਹੈ ਇਤਨਾ ਕਿਸੇ ਵੀ ਸਰੀਰ ਤੋਂ ਸੰਭਵ ਨਹੀਂ । ਸੋ ਇਸ ਤਰ੍ਹਾਂ ਅਸਲ ਵਿਚ ਤਾਂ ਗੁਰੂ ਗ੍ਰੰਥ ਸਾਹਿਬ ਜੀ ਹੀ ਬੋਲਦੇ ਹਨ—ਸ਼ੁਧ ਪ੍ਰਮਾਣੀਕ ਅਤੇ ਉਚਤਮ ।

ਮੂਰਤਾਂ ਅਤੇ ਮੂਰਤੀਆਂ ਦੀ ਪੂਜਾ ਕਰਮਕਾਂਡ ਹੈ, ਜਦ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਮਾਨਤਾ ਸ੍ਰਿਸ਼ਟੀ ਦੀ ਮੂਲ ਚੇਤਨਾ, ਸ਼ਬਦ, ਨਾਦ ਅਥਵਾ ਦ੍ਰਿਸ਼ਟਮਾਨ ਵਿਚ ਵਸਦੇ ਬੋਲਦੇ ੧ਓ ਦੀ ਪੂਜਾ ਹੈ; ਕਾਗਜ਼ਾਂ ਜਾਂ ਰੁਮਾਲਿਆਂ ਦੀ ਨਹੀਂ । ਗੁਰੂ ਗ੍ਰੰਥ ਸਾਹਿਬ ਨੂੰ ਨਮਸਕਾਰ ਜਾਂ ਹੋਰ ਹਰ ਤਰ੍ਹਾਂ ਦਾ ਸਤਿਕਾਰ ਗੁਰ-ਜੁਗਤਿ ਦਾ ਆਦਰ ਹੈ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਅਸਲ ਪੂਜਾ ਬਾਣੀ ਦੀ ਵਿਚਾਰ ਅਤੇ ਕਮਾਈ ਹੀ ਹੈ ।



www.AKJ.Org

ਪ੍ਰਸ਼ਨ ਨੰ: ੨—ਗੁਰਬਾਣੀ ਵਿਚ ਲਿਖਿਆ ਹੈ :—

ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥
ਗੁਰ ਕੈ ਸਬਦਿ ਮੰਤ੍ਰੁ ਮਨੁ ਮਾਨ ॥

ਗੋਂਡ ਮ: ੫, ਪੰਨਾ ੮੬੪

ਓਹ ਕਿਹੜੀ ਮੂਰਤਿ ਹੈ, ਜਿਸ ਦਾ ਧਿਆਨ ਕੀਤਾ ਜਾਵੇ ?

ਉੱਤਰ—ਧਿਆਨ ਦਾ ਭਾਵ ਸਮਾਧੀ ਹੈ । ਮੂਰਤਿ ਦਾ ਨਿਰਣਾ ਗੁਰਬਾਣੀ ਦੇ ਆਦਿ ਵਿਚ ਹੀ ਕਰ ਦਿੱਤਾ ਗਿਆ ਹੈ — "ਅਕਾਲ ਮੂਰਤਿ, ਅਜੂਨੀ ਸੈਭੰ ॥" ਮੂਰਤਿ ਦਾ ਅਰਥ ਹਸਤੀ ਹੈ, ਨਾ ਕਿ ਤਸਵੀਰ ਜਾਂ ਬੁੱਤ । ਜਿਸ ਦੀ ਹਸਤੀ ਕਾਲ ਤੋਂ ਪਰੇ ਹੈ ਉਹ ਕੇਵਲ ਅਕਾਲ ਪੁਰਖ ਹੈ । ਉਹੋ ਹੀ ਧਿਆਨ ਜੋਗ ਹੈ ਅਤੇ ਉਸੇ ਸਰਬ-ਵਿਆਪਕ ਦਾ ਧਿਆਨ ਹੀ ਸਮਾਧੀ ਹੈ । ਇਸ ਤੁਕ ਦਾ ਦੂਸਰਾ ਭਾਗ ਇਸ ਸਮਾਧੀ ਦੀ ਜੁਗਤੀ ਹੈ —

ਗੁਰਿ ਕੈ ਸਬਦ ਮੰਤ੍ਰ ਮਨਿ ਮਾਨ ॥

ਅਸਲ ਵਿਚ ਗੁਰ-ਸ਼ਬਦ ਹੀ ਗੁਰੂ ਦੀ ਸਹੀ ਮੂਰਤਿ ਹੈ—

ਗੁਰ ਮੂਰਤਿ ਗੁਰ ਸਬਦ ਹੈ
ਸਾਧ ਸੰਗਤਿ ਵਿਚ ਪ੍ਰਗਟੀ ਆਇਆ ॥

ਭਾ: ਗੁਰਦਾਸ ਜੀ, ਵਾਰ ੨੪, ਪਉੜੀ ੨੫

ਪ੍ਰਸ਼ਨ ਨੰ: ੩—ਗੁਰ ਕਾ ਦਰਸਨੁ ਦੇਖਿ ਦੇਖਿ ਜੀਵਾ॥
ਗੁਰ ਕੇ ਚਰਣ ਧੋਇ ਧੋਇ ਪੀਵਾ ॥

ਗਉੜੀ ਮ: ੫, ਪੰਨਾ ੩੩੯

ਇਸ ਤੁਕ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਕੀ ਹੈ ?

ਉੱਤਰ—ਗੁਰੂ ਦਾ ਦਰਸ਼ਨ ਦੇਖਣ ਦਾ ਭਾਵ ਹੈ ਗੁਰੂ ਦੇ ਸਨਮੁਖ ਹੋਣਾ । ਤੁਕ ਦਾ ਅੰਤ੍ਰੀਵ ਤੇ ਸਪੱਸ਼ਟ ਭਾਵ ਗੁਰੂ ਨੂੰ ਹਾਜ਼ਰ ਨਾਜ਼ਰ ਅਤੇ ਅੰਗ ਸੰਗ ਪ੍ਰਤੀਤ ਕਰਦਿਆਂ ਜੀਣ ਤੋਂ ਹੈ । ਇਸੇ ਤਰ੍ਹਾਂ "ਗੁਰ ਕੇ ਚਰਣ ਧੋਇ ਧੋਇ ਪੀਵਾ" ਵੀ ਗੁਰੂ ਕੇ ਸਨਮੁਖ ਨਿਮਰ ਭਾਵ ਦਾ ਪ੍ਰਤੀਕ ਹੈ । ਨਿਰਮਾਣ ਹੋ ਕੇ, ਦਾਸ ਹੋ ਕੇ, ਮਨ ਦੀ ਮਤਿ ਤਿਆਗ ਕੇ ਗੁਰਮਤਿ ਦੇ ਅਨੁਸਾਰੀ ਹੋਣਾ ਇਸ ਤੁਕ ਦੀ ਪ੍ਰੇਰਨਾ ਹੈ । ਕਰਮ ਕਾਂਡ ਦੇ ਪੱਖੋਂ ਵੀ ਜੇ ਇਸ ਤੁਕ ਨੂੰ ਵਿਚਾਰਨਾ ਹੋਵੇ ਤਾਂ ਭਾਈ ਨੰਦ ਲਾਲ ਜੀ ਅਨੁਸਾਰ ਦਸਮੇਸ਼ ਜੀ ਦਾ ਹੁਕਮ "ਤੀਸਰ ਰੂਪ ਸਿਖ ਹੈ ਮੋਰ, ਗੁਰਬਾਣੀ ਜਿਹ ਰਤ ਨਿਸ ਭੋਰ" । ਗੁਰਬਾਣੀ ਵਿਚ ਦਿਨ ਰਾਤ ਭਿੱਜੇ ਹੋਏ ਖਾਲਸੇ ਦੀ (ਸਮੂੰਹ ਰੂਪ ਵਿਚ) ਸੇਵਾ ਗੁਰੂ ਕੇ ਚਰਨ ਪੂਜਣ ਤੁਲ ਹੈ ।

ਪ੍ਰਸ਼ਨ ਨੰ: ੪—ਪੜ੍ਹੇ ਅਨਪੜ੍ਹੇ ਹਰੇਕ ਨੂੰ ਬਾਣੀ ਦੀ ਸਮਝ ਛੇਤੀ ਨਹੀਂ ਪੈਂਦੀ । ਕੀ ਹਰਜ ਹੈ ਜੇਕਰ ਗੁਰਬਾਣੀ ਹੀ ਦ੍ਰਿੜ੍ਹ ਕਰਾਉਣ ਲਈ ਕੋਈ ਦੇਹਧਾਰੀ ਗੁਰੂ ਧਾਰਨ ਕਰ ਲਿਆ ਜਾਵੇ ?

ਉੱਤਰ—'ਬਾਣੀ ਗੁਰੂ ਗੁਰੂ ਹੈ ਬਾਣੀ'* । ਇਸ ਪਰਤੱਖ ਗੁਰੂ ਅਤੇ ਗੁਰੂ ਸਿਖ ਦੇ ਵਿਚਕਾਰ ਕਿਸੇ ਵੀ ਵਾਧੂ ਗੁਰੂ ਦੀ ਲੋੜ ਨਹੀਂ । ਗੁਰਬਾਣੀ ਦਾ ਗੁਹਜ, ਗੂੜ੍ਹ ਸਰੂਪ ਇਸ ਲਈ ਹੈ ਕਿ ਗੁਰਸਿਖ ਇਸ ਨੂੰ ਵਿਚਾਰ ਨਾਲ ਗਹੁ ਨਾਲ ਪੜ੍ਹਨ ਸੁਨਣ । ਅਤੇ ਜੇਕਰ ਸਮਝਣ ਵਿਚ ਔਕੜ ਪ੍ਰਤੀਤ ਹੋਵੇ ਤਾਂ ਸਮਝਾ ਸਕਣ ਵਾਲੇ ਨਾਮ-ਰਸੀਏ ਗੁਰਮੁਖਾਂ ਪਾਸੋਂ ਸਹਾਇਤਾ ਲੈਣੀ ਯੋਗ ਹੈ, ਪ੍ਰੰਤੂ ਅਜਿਹੇ ਸਹਾਇਕ, ਗੁਰੂ ਹੋਣ ਦਾ ਦਾਅਵਾ ਕਦਾਚਿਤ ਨਹੀਂ ਕਰ ਸਕਦਾ ।

ਪ੍ਰਸ਼ਨ ਨੰ: ੫—ਵਾਹਿਗੁਰੂ ਗੁਰ ਮੰਤ੍ਰ ਹੈ‡ ਤਾਂ ਇਸ ਪ੍ਰਤੀ ਗੁਰੂ ਗ੍ਰੰਥ ਸਾਹਿਬ ਵਿਚ ਸਪੱਸ਼ਟ ਹੁਕਮ ਕਿਉਂ ਨਹੀਂ ? ਜਦਕਿ ਨਿਰੰਕਾਰ ਦੇ ਅਨਗਿਣਤ ਨਾਮਾਂ ਦਾ ਵਰਣਨ ਅਤੇ ਜਪਣ ਦੀ ਪ੍ਰੇਰਨਾ ਮਿਲਦੀ ਹੈ ।

ਉੱਤਰ—ਗੁਰੂ ਗ੍ਰੰਥ ਸਾਹਿਬ ਵਿਚ 'ਵਾਹਿਗੁਰੂ' ਸ਼ਬਦ ਸੰਕੇਤ ਮਾਤਰ ਹੀ ਪ੍ਰਾਪਤ ਹੈ, ਕਿਉਂਕਿ ਗੁਰਮੰਤਰ ਕੇਵਲ ਅਭਿਲਾਖੀ ਅਤੇ ਅਧਿਕਾਰੀ ਨੂੰ ਹੀ ਪ੍ਰਾਪਤ ਹੋਣਾ ਵਿਧਾਨ ਹੈ । ਪਹਿਲਾਂ ਗੁਰ-ਵਿਅਕਤੀਆਂ ਰਾਹੀਂ ਇਹ ਦਾਤਿ ਅਧਿਕਾਰੀਆਂ ਨੂੰ ਦਿਤੀ ਜਾਂਦੀ ਰਹੀ ਸੀ ਅਤੇ ਹੁਣ ਇਹ ਅੰਮ੍ਰਿਤ-ਸੰਸਕਾਰ ਸਮੇਂ ਖ਼ਾਲਸੇ (ਪੰਜ ਪਿਆਰਿਆਂ) ਪਾਸੋਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਹੀ ਅਧਿਕਾਰੀਆਂ ਨੂੰ ਪ੍ਰਾਪਤ ਹੁੰਦੀ ਹੈ ।

---

* ਨਟ ਮ: ੪, ਪੰਨਾ ੯੮੨
‡ ਭਾਈ ਗੁਰਦਾਸ ਜੀ, ਵਾਰ ੧੩, ਪ: ੨



www.AKJ.Org

# ਬੱਚਿਆਂ ਦੇ ਗੁਰਸਿੱਖੀ ਜੀਵਨ ਲਈ ਸਾਡਾ ਫ਼ਰਜ਼

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿਤਰ' ਮਾਲਬ, ਜ਼ਿਲਾ ਗੁੜਗਾਉਂ]

ਅੱਜ ਅਸੀਂ ਜਿਸ ਪਾਸੇ ਵੀ ਨਜ਼ਰ ਮਾਰਦੇ ਹਾਂ, ਗੁਰਸਿੱਖੀ ਜੀਵਨ ਦੇ ਸ਼ਾਨਦਾਰ ਮਹਿਲ ਉਤੇ ਅਨ-ਮਤੀਆਂ ਵਲੋਂ ਤਾਬੜ ਤੋੜ ਹਮਲੇ ਹੁੰਦੇ ਦਿਖਾਈ ਦੇਂਦੇ ਹਨ। ਸਿਖ ਨੌਜੁਆਨਾਂ ਨੂੰ ਗੁਮਰਾਹ ਕਰ ਕੇ ਗੁਰਮਤਿ ਗਾਡੀ ਰਾਹ ਤੋਂ ਹਟਾਉਣ ਦੇ ਜਤਨ ਸਫਲ ਹੋ ਰਹੇ ਹਨ। ਨਾ ਪੰਥ ਨੂੰ ਪਰਵਾਹ ਹੈ ਨਾ ਮਾਪਿਆਂ ਨੂੰ। ਨੌਜੁਆਨਾਂ ਵਲੋਂ ਪਵਿਤਰ ਕੇਸ ਦਾੜ੍ਹਿਆਂ ਦੀ ਬੇ-ਅਦਬੀ, ਪਤਿਤਤਾਈ ਵਧੰਦੀ ਜਾ ਰਹੀ ਹੈ। ਵੇਖ ਵੇਖ ਕੇ ਦਿਲ ਚੋਂ ਬੇ-ਅਖ਼ਤਿਆਰ ਆਹ ਦਾ ਧੂੰਆਂ ਨਿਕਲਦਾ ਹੈ ਤੇ ਸੋਚ ਫੁਰਦੀ ਹੈ। ਕੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਪਿਤਾਮਾ ਦੇ ਖ਼ੂਨ ਨਾਲ ਸਿੰਚੀ ਫੁਲਵਾੜੀ ਏਸੇ ਤਰ੍ਹਾਂ ਮੁਰਝਾਦੀ ਸੁਕ ਜਾਵੇਗੀ ?

ਇਹ ਇਕ ਅਟੱਲ ਸਚਾਈ ਹੈ ਕਿ ਅਕਾਲ ਪੁਰਖ ਦੀ ਅਪਾਰ ਮਿਹਰ ਤੇ ਬਖਸ਼ਸ਼ ਕਰ ਕੇ ਹੀ ਕਿਸੇ ਆਤਮਾ ਨੂੰ ਗੁਰਸਿਖ ਦੇ ਘਰ ਮਨੁੱਖਾ ਜਨਮ ਪ੍ਰਾਪਤ ਹੁੰਦਾ ਹੈ। ਕੀ ਅਸੀਂ ਕਦੇ ਸੋਚਿਆ ਹੈ ਕਿ ਬੱਚਿਆਂ ਦੇ ਸਦਾਚਾਰਕ ਜੀਵਨ ਦੀ ਜ਼ਿਮੇਵਾਰੀ ਸਾਡੇ ਉਤੇ ਹੀ ਨਿਰਭਰ ਕਰਦੀ ਹੈ, ਤੇ ਅਸੀਂ ਇਸ ਜ਼ਿਮੇਵਾਰੀ ਨੂੰ ਕਿਤਨੇ ਤਕ ਨਿਭਾ ਰਹੇ ਹਾਂ ? ਕੀ ਅਸੀਂ ਆਪਣੇ ਵਿਚਾਰਾਂ ਨੂੰ ਇਤਨੇ ਤਕ ਹੀ ਸੀਮਿਤ ਰਖਿਆ ਹੋਇਆ ਹੈ ਕਿ ਅਸੀਂ ਕੇਸਾਧਾਰੀ ਹਾਂ ਤੇ ਸਾਡੇ ਬੱਚੇ ਵੀ ਹੁਣ ਕੇਸਾਧਾਰੀ ਹਨ ਤੇ ਅਗੇ ਵੀ ਇਸੇ ਤਰ੍ਹਾਂ ਰਹਿਣਗੇ ? ਇਸ ਨਾਸਤਕਤਾ ਯੁੱਗ ਦੇ ਤੱਤੇ ਝੋਲਿਆਂ ਤੋਂ ਬੱਚਿਆਂ ਨੂੰ ਬਚਾਈ ਰਖਣ ਦਾ ਖਿਆਲ ਸਾਨੂੰ ਕਦੀ ਵੀ ਨਹੀਂ ਆਇਆ।

ਕੁਦਰਤੀ ਬੱਚੇ ਦਾ ਮਨ ਸ਼ੀਸ਼ੇ ਵਾਂਗ ਨਿਰਮਲ ਹੁੰਦਾ ਹੈ ਤੇ ਉਸ ਨਿਰਮਲ ਦਿਲ-ਆਰਸ਼ੀ ਉਤੇ ਬਾਲਪਨ ਸਮੇਂ ਜਿਹੋ ਜਿਹੇ ਪ੍ਰਭਾਵ ਪ੍ਰਤਿਬੰਬ ਪੈਂਦੇ ਹਨ ਉਹ ਉਨ੍ਹਾਂ ਦਾ ਅਸਰ ਕਬੂਲਦਾ ਹੈ ਤੇ ਉਹ ਪ੍ਰਭਾਵ ਸਮੇਂ ਸਮੇਂ ਅਨੁਸਾਰ ਰਚ ਮਿਚ ਕੇ ਪੱਕੇ ਤੇ ਚਿਰ-ਰਹਿਣੇ ਹੁੰਦੇ ਜਾਂਦੇ ਹਨ। ਬੱਚਾ ਆਪਣੇ ਵਾਤਾਵਰਨ ਦੁਆਰਾ ਹੀ ਆਦਤਾਂ ਗ੍ਰਹਿਣ ਕਰਦਾ ਹੋਇਆ ਉਨ੍ਹਾਂ ਨੂੰ ਅਮਲ ਵਿਚ ਲਿਆਉਂਦਾ ਹੈ। ਇਹ ਸੰਸਕਾਰ ਜ਼ਿਆਦਾ ਕਰਕੇ ਬੱਚੇ ਨੂੰ ਆਪਣੇ ਮਾਹੌਲ (ਮਾਤਾ ਪਿਤਾ ਤੇ ਆਲੇ ਦੁਆਲੇ) ਤੋਂ ਪ੍ਰਾਪਤ ਹੋ ਕੇ ਵਧਦੇ ਤੇ ਮੌਲਦੇ ਹਨ।

ਜਿਸ ਬੱਚੇ ਦੇ ਮਾਤਾ ਪਿਤਾ ਆਪ ਗੁਰਮਤਿ ਮਾਰਗ ਦੇ ਪਾਂਧੀ ਹਨ, ਉਸ ਬੱਚੇ ਦੇ ਵਿਚਾਰਾਂ ਦਾ ਝੁਕਾਉ ਗੁਰਮਤਿ ਵਲ ਹੋਣ ਦੀ ਸੰਭਾਵਨਾ ਜ਼ਿਆਦਾ ਹੋਣੀ ਕੁਦਰਤੀ ਹੈ। ਇਸ ਦੇ ਉਲਟ ਜਿਸ ਘਰ ਵਿਚ ਗੁਰਮਤਿ ਲਿਟਰੇਚਰ, ਗੁਰਮਤਿ ਰਹਿਤ ਬਹਿਤ ਦੀ ਅਣਹੋਂਦ ਹੈ ਉਸ ਘਰ ਦੇ ਬੱਚਿਆਂ ਤੋਂ ਗੁਰਮਤਿ ਅਨੁਸਾਰੀ ਜੀਵਨ ਦੀ ਆਸ ਬਹੁਤ ਘਟ ਰਖੀ ਜਾ ਸਕਦੀ ਹੈ। ਜਿਹੜੇ ਮਾਤਾ ਪਿਤਾ ਆਪ ਅੰਮ੍ਰਿਤ ਵੇਲੇ ਦੀ ਸੰਭਾਲ ਨਹੀਂ ਕਰਦੇ, ਅੰਮ੍ਰਿਤ ਵੇਲੇ ਸੌਚ ਇਸ਼ਨਾਨ ਉਪਰੰਤ ਨਾਮ ਅਭਿਆਸ ਤੇ ਨਿਤਨੇਮ ਦੀਆਂ ਬਾਣੀਆਂ ਦਾ ਅਨੰਦ ਨਹੀਂ ਮਾਣਦੇ ਅਤੇ ਦੋ ਵੇਲੇ ਆਪ ਗੁਰਦੁਆਰੇ ਜਾਂ ਸਤਿਸੰਗ ਵਿਚ ਜਾਣ ਦੇ ਰੁਚੀਵਾਨ ਨਹੀਂ ਉਨ੍ਹਾਂ ਦੇ ਬੱਚਿਆਂ ਨੂੰ ਗੁਰਮਤਿ ਅਨੁਸਾਰੀ ਜੀਵਨ ਜੀਣ ਦੀ ਜਾਚ ਕਿਥੋਂ ਪ੍ਰਾਪਤ ਹੋਣੀ ਹੈ ? ਵਿਚਾਰਾਂ ਦੇ ਦਾਇਰੇ ਨੂੰ ਇਤਨੇ ਤਕ ਹੀ ਸੀਮਤ ਰਖਣਾ ਕਿ ਬੱਚੇ ਵਡੇ ਹੋ ਕੇ ਆਪਣੇ ਆਪ ਹੀ ਸੁਧਰ ਜਾਣਗੇ, ਮਨ ਨੂੰ ਫੋਕੀਆਂ ਤਸੱਲੀਆਂ ਦੇਣੀਆਂ ਹਨ। ਬੱਚਿਆਂ ਨੂੰ ਸਮੇਂ ਸਮੇਂ ਅਨੁਸਾਰ ਗੁਰਮਤਿ ਸੁਝਾਉ ਦੇਣਾ, ਉਨ੍ਹਾਂ ਲਈ



www.AKJ.Org

ਗੁਰਮਤਿ ਲਿਟ੍ਰੇਚਰ ਪ੍ਰਾਪਤੀ ਦੇ ਸਾਧਨ ਜੁਟਾਉਣੇ, ਉਨ੍ਹਾਂ ਦੇ ਧਾਰਮਕ ਜੀਵਨ ਤੇ ਨਜ਼ਰ ਰਖਣੀ, ਉਨ੍ਹਾਂ ਦੇ ਅਧਿਆਤਮਕ ਭਾਵਾਂ ਦੀ ਰਾਖੀ ਕਰਨੀ, ਮਾਪਿਆਂ ਦਾ ਮੁਖ ਫ਼ਰਜ਼ ਹੈ। ਜਿਸ ਤੋਂ ਅਜ ਕਲ੍ਹ ਦੇ ਮਾਪੇ ਅਣਗਹਿਲੀ ਵਰਤ ਰਹੇ ਹਨ ਤੇ ਇਸ ਦਾ ਸਿੱਟਾ ਭਿਆਨਕ ਤੇ ਦੁਖਦਾਈ ਨਿਕਲ ਰਿਹਾ ਹੈ।

ਅਖੌਤ ਹੈ 'ਖੇਤੀ ਖ਼ਸਮਾਂ ਸੇਤੀ'। ਉਗ ਪਈ ਜਿਸ ਖੇਤੀ ਦੀ ਰਖਵਾਲੀ ਪੂਰੀ ਤਰ੍ਹਾਂ ਨਾ ਕੀਤੀ ਜਾਵੇ, ਉਸ ਨੂੰ ਜੰਗਲੀ ਜਨੌਰ, ਪੰਛੀ ਆਦਿ ਵੜ ਕੇ ਬਰਬਾਦ ਕਰ ਜਾਂਦੇ ਹਨ ਤੇ ਉਸ ਦੇ ਪਰਵਾਨ ਚੜ੍ਹਨ ਦੀ ਆਸ ਨਿਸਫਲ ਚਲੀ ਜਾਂਦੀ ਹੈ। ਮਾਲਕ ਰਾਸ ਤੋਂ ਵੀ ਹੱਥ ਧੋ ਬੈਠਦਾ ਹੈ।

ਗੁਰਸਿਖ ਮਾਪਿਆਂ ਦਾ ਫ਼ਰਜ਼ ਹੈ ਕਿ ਆਪਣੀ ਪਨੀਰੀ ਦੀ ਦੇਖ ਭਾਲ ਆਪ ਕਰਨ। ਪੂਰੀ ਪੂਰੀ ਰਖਵਾਲੀ ਕੀਤੀ ਜਾਏ, ਪਨੀਰੀ ਨੂੰ ਖ਼ਰਾਬ ਕਰਨ ਵਾਲੇ ਜਨੌਰਾਂ ਤੇ ਕੜੀ ਨਜ਼ਰ ਰਖੀ ਜਾਏ ਅਤੇ ਉਨ੍ਹਾਂ ਨੂੰ ਨੇੜੇ ਨਾ ਫਟਕਣ ਦਿਤਾ ਜਾਵੇ। ਸਭ ਤੋਂ ਪਹਿਲੇ ਆਪ ਹੀ ਆਪਣਾ ਜੀਵਨ ਗੁਰਮਤਿ ਅਨੁਸਾਰੀ ਬਣਾਉਣਾ ਜ਼ਰੂਰੀ ਹੈ ਤਾਕਿ ਸਾਡੇ ਬੱਚੇ ਗੁਰਮਤਿ ਧਾਰਨੀ ਹੋ ਕੇ ਗੁਰੂ ਕਲਗੀਆਂ ਵਾਲੇ ਦੇ ਲਾਡਲੇ ਸਪੂਤ ਬਣਨ ਤੇ ਆਪਣੀ ਕੌਮ ਨੂੰ, ਦੇਸ਼ ਨੂੰ ਚਾਨਣ-ਮੁਨਾਰੇ ਦਾ ਕੰਮ ਦੇ ਸਕਣ। ਬੱਚਿਆਂ ਦੇ ਹੱਥ ਵਿਚ ਚੰਗਾ ਗੁਰਮਤਿ ਲਿਟ੍ਰੇਚਰ ਦਈਏ, ਗੁਰੂ ਜੋਤਾਂ, ਤੇ ਉਨ੍ਹਾਂ ਤੋਂ ਵਰੋਸਾਏ ਮਹਾਂ ਪੁਰਖਾਂ, ਸ਼ਹੀਦ ਸਿੰਘਾਂ ਸਿੰਘਣੀਆਂ ਦੀਆਂ ਜੀਵਨੀਆਂ ਉਪਲਬਧ ਕਰ ਕੇ ਉਨ੍ਹਾਂ ਨੂੰ ਪੜ੍ਹਨ ਦੀ ਪ੍ਰੇਰਨਾ ਦੇਈਏ। ਇਉਂ ਹੀ ਬੱਚੇ ਗੁਰਮਤਿ ਵਿਚ ਨਿਪੁੰਨ ਹੋ ਕੇ ਅਨਮਤੀਆਂ ਦੇ ਢਹੇ ਚੜ੍ਹਨੋਂ ਅਤੇ ਨਾਸਤਕਤਾ ਦੀ ਖੱਡ ਵਿਚ ਡਿਗਣੋਂ ਬਚ ਸਕਦੇ ਹਨ ਅਤੇ ਖੇੜੇ ਤੇ ਉਤਸ਼ਾਹ ਭਰਿਆ ਜੀਵਨ ਬਿਤੀਤ ਕਰ ਸਕਦੇ ਹਨ।

---

## ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ' ਮਾਲਬ (ਗੁੜਗਾਉਂ)]

ਰਬ ਘੱਲੀਆਂ ਆਤਮਾਵਾਂ ਰਾਹੀਂ ਆਈ ਜਗ ਉਤੇ, ਗੰਗ-ਧਾਰ ਵਾਂਗ ਨਿਰਮਲ ਅਕੱਥ ਕਹਾਣੀ ਇਹ।
ਅਨੁਭਵੀ ਗਿਆਨ ਧੁਰੋਂ ਆਏ ਮਹਾਂਪੁਰਖਾਂ ਦਾ ਇਹ, ਇਕ ਇਕ ਅੱਖਰ ਸੰਦੇਸ਼ ਰੂਹਾਨੀ ਇਹ।
ਤਪਦੇ ਮਨਾਂ ਨੂੰ ਠਾਰੇ, ਸੀਤਲਤਾ ਫੁਹਾਰ ਹੈ ਇਹ, ਜੀਵਨ ਅਗਵਾਈ ਲਈ ਜੋਤਿ ਰੱਬਾਨੀ ਇਹ।
ਅਮੁੱਲ ਹੀਰੇ ਮੋਤੀਆਂ ਦਾ ਥਾਲ ਸ੍ਰੀ ਗੁਰੂ ਗ੍ਰੰਥ ਸਾਹਿਬ, ਪਾਰ ਕਰੇ ਭਵਜਲ ਤੋਂ ਗੁਰੂ ਗੁਰਬਾਣੀ ਇਹ।੧।

"ਕਲਜੁਗ ਦੁਰਤ ਦੂਰਿ ਕਰਬੇ ਕਉ" ਜਗ ਵਿਚ; ਜਗਿਆਸੂ ਹਿਰਦਿਆਂ ਲਈ ਖੇਵਟ ਜਹਾਜ਼ ਏ।
ਦੁਨੀਆਂ ਦੇ ਸਾਰੇ ਧਰਮ ਗ੍ਰੰਥਾਂ ਤੋਂ ਸ੍ਰੇਸ਼ਟ ਹੈ, ਲੱਖਾਂ ਆਕਾਸ਼ਾਂ ਤੀਕ ਇਹਦੀ ਪਰਵਾਜ਼ ਏ।
ਦਿੱਬ ਦ੍ਰਿਸ਼ਟ ਮਿਲਦੀ ਏ ਏਸ ਰਬੀ ਗਿਆਨ ਵਿਚੋਂ, ਮਿਤਰ ਸੁਰੀਲੇ ਰਾਗਾਂ ਦਾ ਇਹ ਸੋਹਣਾ ਸਾਜ਼ ਏ।
ਅਮਰ ਹੈ, ਅਨੰਤ ਹੈ, ਵਚਿਤ੍ਰ ਰਚਨਾ ਹੈ ਇਹ, ਧੰਨ ਧੰਨ ਧੰਨ ਗੁਰੂ ਗ੍ਰੰਥ ਮਹਾਰਾਜ ਏ।੨।

---

## ਅਖੰਡ ਕੀਰਤਨੀ ਜਥੇ ਦੇ ਸਜਣਾਂ ਪ੍ਰਤੀ ਜ਼ਰੂਰੀ ਬੇਨਤੀ

ਜਿਨ੍ਹਾਂ ਜਿਨ੍ਹਾਂ ਸ਼ਹਿਰਾਂ ਜਾਂ ਕਸਬਿਆਂ ਵਿਚ ਜਥੇ ਦੇ ਸਿੰਘ ਰਹਿੰਦੇ ਹਨ ਅਤੇ ਉਹ ਆਪਣੇ ਇਲਾਕੇ ਦੇ ਪ੍ਰਤੀਨਿਧ ਤੋਂ ਖਾਸੇ ਦੂਰ ਹਨ, ਉਹ ਸੱਜਣ ਸਥਾਨਕ ਸੰਗਤਿ ਦੀ ਇਕੱਤਰਤਾ ਕਰ ਕੇ ਆਪਣੇ ਆਪਣੇ ਸ਼ਹਿਰਾਂ, ਕਸਬਿਆਂ ਵਲੋਂ ਸੰਗਤ ਦੀ ਸਰਬ ਸੰਮਤੀ ਨਾਲ ਮੁਖੀ ਸਿੰਘਾਂ ਦੇ ਨਾਮ ਉਹਨਾਂ ਦੇ ਡਾਕ ਪਤੇ ਸਮੇਤ ਕੇਂਦਰੀ ਦਫ਼ਤਰ ਨੂੰ ਭੇਜਣ ਦੀ ਕ੍ਰਿਪਾਲਤਾ ਕਰਨ ਅਤੇ ਇਸ ਦੇ ਨਾਲ ਹੀ ਓਥੋਂ ਦੇ ਵਸਨੀਕ ਸਿੰਘਾਂ ਦੇ ਨਾਵਾਂ ਦੀ ਲਿਸਟ ਭੀ ਭੇਜਣ, ਤਾਂ ਜੁ ਜੱਥੇ ਦੀ ਹਰ ਪ੍ਰਕਾਰ ਦੀ ਲੋੜੀਂਦੀ ਇਤਲਾਹ ਉਨ੍ਹਾਂ ਨੂੰ ਦਫਤਰ ਵਲੋਂ ਸਿਧੀ ਹੀ ਭੇਜੀ ਜਾ ਸਕੇ। ਭਾਵ ਇਹ ਹੈ ਕਿ ਕੋਈ ਵੀ ਸਿੰਘ ਕੇਂਦਰ ਨਾਲੋਂ ਕੱਟਿਆ ਨਾ ਰਹੇ। ਹੇਠ ਲਿਖੇ ਸ਼ਹਿਰਾਂ ਨੂੰ ਇਸ ਵਲ ਖਾਸ ਧਿਆਨ ਦੀ ਲੋੜ ਹੈ :

ਬੇਂਗਲੋਰ, ਪੂਨਾ, ਬੰਬਈ, ਮਦਰਾਸ; ਗਵਾਲੀਅਰ, ਜੋਧਪੁਰ, ਜੈਪੁਰ, ਕੋਟਾ, ਸ੍ਰੀ ਗੰਗਾ ਨਗਰ, ਭੋਪਾਲ।

ਸੰਗਤਾਂ ਦਾ ਦਾਸਰਾ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜੱਥਾ, ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ।



www.AKJ.Org

# ਨਕਲੀ ਬਾਬੇ ਦੀਆਂ ਕਲਾਬਾਜ਼ੀਆਂ

## ਅੰਤ ਠਿਕਾਣੇ ਦੇ ਨੇੜੇ

[ ਵਲੋਂ:—ਪ੍ਰੋ: ਗੁਰਬਖਸ਼ ਸਿੰਘ ਜੀ, ੭-੮, ਐਗਰੀਕਲਚਰ ਯੂਨੀਵਰਸਿਟੀ, ਲੁਧਿਆਣਾ ]

ਅੰਤ ਨਕਲੀ ਬਾਬੇ ਨੂੰ ਭੀ ਮੌਤ ਦੇ ਦਰਸ਼ਨ ਹੋਣ ਲੱਗ ਪਏ ਹਨ । ਆਪਣੇ ਕੀਤੇ ਪਾਪਾਂ ਦੇ ਦੁਖਦਾਈ ਫਲ ਨੇ ਨਕਲੀ ਬਾਬੇ ਨੂੰ ਸਮਝਾ ਦਿਤਾ ਹੈ ਕਿ ਉਸਦੀ ਦੇਹ ਥੋੜੇ ਦਿਨਾਂ ਦੀ ਹੀ ਪ੍ਰਾਹੁਣੀ ਹੈ। ਹੁਣ ਉਸਨੂੰ ਸਮਝ ਆ ਗਈ ਕਿ ਗਿਆਨ ਹੀ ਗੁਰੂ ਹੈ, ਦੇਹ ਗੁਰੂ ਨਹੀਂ ।

(੧) ਦਿਲੀ ਦੇ ਕੁਸੰਗ ਵੇਲੇ ਉਸ ਨੇ ਬੋਲਿਆ— "ਗੁਰੂ ਦੀ ਸਿਖਿਆ ਨੂੰ ਮਾਰਨ ਵਾਲਾ ਕੋਈ ਨਹੀਂ ਹੋ ਸਕਦਾ । ਗੁਰੂ ਦੇ ਸਰੀਰ ਨੂੰ ਤਾਂ ਖ਼ਤਮ ਕੀਤਾ ਜਾ ਸਕਦਾ ਹੈ ਪਰ ਗੁਰੂ ਦਾ ਗਿਆਨ ਹਮੇਸ਼ਾ ਕਾਇਮ ਰਹਿੰਦਾ ਹੈ।"

"ਏਕ ਨਜ਼ਰ" ਨਵੰਬਰ ੧੭, ੧੯੭੮

ਇਸ ਤੋਂ ਦੋ ਗੱਲਾਂ ਪ੍ਰਗਟ ਹੋ ਜਾਂਦੀਆਂ ਹਨ। ਪਹਿਲੀ, ਉਸਨੂੰ ਡਰ ਹੈ ਕਿ ਉਸਦੇ ਕੀਤੇ ਪਾਪਾਂ ਕਾਰਨ ਉਸ ਨੂੰ ਕਿਸੇ ਵੇਲੇ ਵੀ ਖ਼ਤਮ ਕੀਤਾ ਜਾ ਸਕਦਾ ਹੈ। ਦੂਸਰੀ ਉਹ ਦਸਣਾ ਚਾਹੁੰਦਾ ਹੈ ਕਿ ਉਹਦੇ ਮਰਨ ਨਾਲ ਉਹਦੀ ਗੁਰਤਾ ਗਿਆਨ ਰੂਪ ਵਿਚ ਕਾਇਮ ਰਹੇਗੀ, ਕਿਉਂਕਿ ਗਿਆਨ ਨੂੰ ਕੋਈ ਨਹੀਂ ਮਾਰ ਸਕਦਾ। ਇਹ ਗੱਲ ਜਾਣਦਾ ਤਾ ਉਹ ਪਹਿਲਾਂ ਵੀ ਸੀ, ਪਰ ਉਸ ਨੂੰ ਮੌਤ ਦਾ ਘਰ ਦੂਰ ਦਿਸਦਾ ਸੀ, ਇਸ ਲਈ ਠੱਗੀ ਮਾਰਨ ਲਈ ਗਿਆਨ ਦੀ ਥਾਂ ਆਪਣੇ ਆਪ ਨੂੰ ਹੀ ਗੁਰੂ ਬਣਾਉਂਦਾ ਤੇ ਕਹਾਉਂਦਾ ਸੀ । ਮੌਤ ਨੂੰ ਸਾਹਮਣੇ ਵੇਖ ਕੇ ਉਸ ਨੇ ਮੁੜ ਕਲਾਬਾਜ਼ੀ ਮਾਰ ਕੇ ਕਹਿ ਦਿਤਾ ਕਿ ਸਰੀਰ ਤਾਂ ਖ਼ਤਮ ਹੋ ਜਾਂਦਾ ਹੈ, ਪਰ ਗਿਆਨ ਹਮੇਸ਼ਾ ਰਹਿੰਦਾ ਹੈ।

ਜ਼ਰਾ ਵੇਖੋ ਇਸ ਕੱਚੇ ਮਦਾਰੀ ਦੀਆਂ ਕਲਾਬਾਜ਼ੀਆਂ । ਪਹਿਲਾਂ ਉਚਰਦਾ ਹੈ— "ਅਜ ਦੇ ਅੰਨ੍ਹੇ ਆਗੂਆਂ ਨੇ ਭੋਲੀ ਭਾਲੀ ਜਨਤਾ ਤੇ ਭੁਲੇਖੇ ਪਾ ਕੇ ਧਾਰਮਕ ਪੁਸਤਕਾਂ ਨੂੰ ਹੀ ਗੁਰੂ ਮੰਨਣ ਤੇ ਮਜਬੂਰ ਕਰ ਦਿਤਾ ਹੈ ।"

ਸੰਤ ਨਿਰੰਕਾਰੀ, ਅਗਸਤ ੧੯੭੨

ਹੁਣ ਗੁਰੂ ਦੇ ਗਿਆਨ ਨੂੰ ਗੁਰੂ ਮੰਨਣ ਤੇ ਆ ਗਿਆ ਹੈ ।

(੨) ਕਲਾਬਾਜ਼ੀਆਂ ਮਾਰ ਕੇ ਪਹਿਲਾਂ ਇਕ ਚਿੱਠੀ ਵਿਚ ਲਿਖਦਾ ਹੈ—

'ਮੇਰੇ ਪਿਆਰੇ ਮਿੱਤਰੋ, ਤੁਹਾਨੂੰ ਵਿਦਿਤ ਹੋਵੇ ਕਿ ਅਵਤਾਰ ਹੋਣ ਦੀ ਜ਼ਿਮੇਵਾਰੀ ਰਾਮ ਕ੍ਰਿਸ਼ਨ, ਕਬੀਰ ਤੇ ਨਾਨਕ ਆਦਿ ਦੇ ਪਿਛੋਂ ਹੁਣ ਮੇਰੇ ਪਾਸ ਹੈ। ਜੋ ਮੇਰੇ ਪਾਸ ਆਵੇਗਾ, ਉਸ ਨੂੰ ਚੁਟਕੀ ਵਿਚ ਰੱਬ ਦੇ ਦਰਸ਼ਨ ਕਰਵਾ ਦਿਆਂਗਾ । ਤੁਹਾਡੀ ਪਿਆਸ ਬੁਝਾਉਣ ਲਈ ਸਾਰੇ ਅੰਮ੍ਰਿਤ ਦਾ ਸਰੋਵਰ ਮੇਰੇਪਾਸਹੈ।...

ਤੁਹਾਡਾ ਅਬਚਲ ਰਹਿਣ ਵਾਲਾ
ਗੁਰਬਚਨ ਸਿੰਘ"

ਦੂਜੀ ਕਲਾਬਾਜ਼ੀ ਵਿਚ ਅਪੀਲ ਕਰਦਾ ਹੈ ਕਿ— "ਮੈਂ ਕੇਵਲ ਗੁਰਬਚਨ ਹਾਂ, ਇਸ ਤੋਂ ਬਿਨਾਂ ਨਾ ਕੁਝ ਹਾਂ ਤੇ ਨਾ ਬਨਣਾ ਚਾਹੁੰਦਾ ਹਾਂ ।"

(੩) ਪਹਿਲਾਂ ਦਸਦਾ ਸੀ—ਗਊ ਤੇ ਸੂਰ ਦਾ ਮਾਸ ਇਕੱਠਾ ਰਲਾ ਕੇ ਖਾਣਾ ਹੈ । ਖਾਣਾ ਪੀਣਾ, ਭੋਗ ਵਿਲਾਸ ਦੇਹ ਦਾ ਧਰਮ ਹੈ, ਆਤਮਾ ਨਾਲ ਸੰਬੰਧ ਨਹੀਂ । ਹੁਣ ਉਲਟੀ ਕਲਾਬਾਜ਼ੀ ਮਾਰ ਕੇ "ਏਕ-ਨਜ਼ਰ" ਨਵੰਬਰ ੧੭ ਪੰਨਾ ੩ ਅਨੁਸਾਰ ਕਹਿੰਦਾ ਹੈ, "ਪੁਰਾਤਨ ਵੇਦਾਂ, ਗ੍ਰੰਥਾਂ ਅਨੁਸਾਰ ਜੀਉਣਾ ਸਾਡਾ ਕਰਤੱਵ ਹੈ, ਇਹੋ ਨਿਰੰਕਾਰੀ ਮਿਸ਼ਨ ਦੀ ਸਿਖਿਆ ਹੈ।"

(੪) ਇਹਨਾਂ ਦਾ ਮੱਤ ਆਪਣੇ ਸੇਵਕਾਂ ਦੇ ਰੋਗ ਬਿਨਾਂ ਦਵਾਈ ਦੂਰ ਕਰਦਾ ਹੈ —

ਏਸੇ ਦੇ ਚਰਨਾਮ੍ਰਿਤ ਨੇ,
ਮੇਰੇ ਘਰ ਦਾ ਰੋਗ ਗਵਾਇਆ ਏ ।
ਏਸ ਅਵਤਾਰ ਦੇ ਚਰਨਾਮ੍ਰਿਤ ਨੂੰ,
ਕਈ ਵੇਰ ਅਜ਼ਮਾਇਆ ਏ । "ਅਵਤਾਰ ਬਾਣੀ"

ਪਰ ਆਪ ਅਪ੍ਰੇਸ਼ਨ ਕਰਵਾਉਂਦਾ ਹੈ ਤੇ ਹਸ-ਪਤਾਲਾਂ ਵਿਚ ਦਾਖਲ ਹੁੰਦਾ ਹੈ। ਇਹ ਠੱਗੀ ਸੁਪ੍ਰੀਮ ਕੋਰਟ ਨਾਲ ਭੀ ਮਾਰਦਾ ਹੈ ਅਤੇ ਸਮਾਜ ਨਾਲ ਭੀ।

(੫) ਹੁਣ ਭੀ ਨਕਲੀ ਬਾਬੇ ਨੂੰ ਚਿਤਾਵਣੀ ਦੇਣੀ ਠੀਕ ਹੈ, ਜਦ ਇਹ ਸਮਝਦਾ ਹੈ ਕਿ ਸਰੀਰ ਮਰਨ ਪਿਛੋਂ ਗਿਆਨ ਜੀਉਂਦਾ ਹੈ, ਤਾਂ ਆਪਣੇ ਪਖੰਡ ਦਾ ਪਰਦਾ ਆਪੇ ਪਾੜ ਕੇ ਮਰਨ ਤੋਂ ਪਹਿਲਾਂ ਮਾਫ਼ੀ ਮੰਗ ਲਵੇ, ਇਸ ਤਰ੍ਹਾਂ ਉਹ ਭੋਲੇ ਲੋਕਾਂ ਨੂੰ ਆਪਣੇ ਆਪ ਨੂੰ ਰੱਬ ਜਿਤਾ ਕੇ ਆਪਣੇ ਪਿਛੇ ਲਾਉਣ ਦੇ ਪਾਪ ਤੋਂ ਬਚ ਸਕਦਾ ਹੈ ।

www.AKJ.Org

# ਨਿਰੰਕਾਰੀ : ਧਰਮਾਂ ਦੇ ਵਿਰੋਧੀ ਤੇ ਵੈਰੀ

[ਵਲੋਂ—ਡਾ: ਐਮ. ਈ. ਅਰਸ਼ਦ-ਜਾਂਗਲੀਆਣਾ, ਹੁਸ਼ਿਆਰਪੁਰ]

ਪਿਛਲੇ ਕੁਝ ਮਹੀਲਿਆਂ ਤੋਂ ਨਾ ਕੇਵਲ ਪੰਜਾਬ ਵਿਚ ਹੀ ਸਗੋਂ ਪੂਰੇ ਭਾਰਤ ਵਿਚ ਨਿਰੰਕਾਰੀ ਮਿਸ਼ਨ ਵਾਦਵਿਵਾਦ ਦਾ ਮਸਲਾ ਬਣ ਚੁਕਾ ਹੈ ਤੇ ਕੇਵਲ ੮ ਮਹੀਨਿਆਂ ਵਿਚ ਤਿੰਨ ਵਡੇ ਖੂਨੀ ਕਾਂਡਾਂ ਨੇ ਹਰ ਇਕ ਸ਼ਾਂਤੀ ਦੇ ਚਾਹਵਾਨ ਨੂੰ ਝੰਜੋੜ ਕੇ ਰਖ ਦਿਤਾ ਹੈ। ਇਹੋ ਜਿਹੀ, ਬੇਕਸੂਰ ਬੰਦਿਆਂ ਦੇ ਖੂਨ ਦੀ ਹੋਲੀ ਕਦੋਂ ਤਕ ਖੇਲੀ ਜਾਂਦੀ ਰਹੇਗੀ ! ਇਸ ਤੋਂ ਪਹਿਲਾਂ ਕਿ ਤੁਸੀਂ ਇਹ ਵਾਰਤਾ ਅਗਾਂਹ ਪੜ੍ਹੋ, ਮੈਂ ਇਹ ਗੱਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੇਰਾ ਨਿਰੰਕਾਰੀ ਮਿਸ਼ਨ ਨਾਲ ਕੋਈ ਸਬੰਧ ਨਹੀਂ ਹੈ ਤੇ ਨਾ ਹੀ ਅਕਾਲੀਆਂ ਨਾਲ ਮੇਰਾ ਕੋਈ ਵਾਸਤਾ ਹੈ। ਹਰ ਆਦਮੀ ਨੂੰ ਅਲੱਗ ਅਲੱਗ ਸੋਚ ਵਿਚਾਰ ਕਰਨ ਦਾ ਪੂਰਾ ਪੂਰਾ ਹੱਕ ਹੈ। ਪਰ ਜੇਕਰ ਨਿਰਪੱਖ ਹੋ ਕੇ ਇਸ ਮਾਮਲੇ ਉਤੇ ਵਿਚਾਰ ਕੀਤਾ ਜਾਵੇ ਤਾਂ ਉਸ ਦਾ ਸਹੀ ਹਲ ਅਸਾਨੀ ਨਾਲ ਮਿਲ ਸਕਦਾ ਹੈ। ਮੈਂ ਕੇਵਲ ਧਾਰਮਿਕ ਨਿਸ਼ਾਨੇ ਤੋਂ ਨਿਰੰਕਾਰੀ ਮਿਸ਼ਨ ਬਾਰੇ ਲਿਖ ਰਿਹਾ ਹਾਂ।

ਇਹ ਗੱਲ ਸਾਰੇ ਲੋਕ ਜਾਣਦੇ ਹਨ ਕਿ ਸਿਖ ਧਰਮ ਦੇ ਲੋਕ ਇਹ ਆਮ ਕਹਿੰਦੇ ਹਨ ਕਿ ਨਿਰੰਕਾਰੀ ਮਿਸ਼ਨ ਉਨ੍ਹਾਂ ਦੇ ਧਰਮ ਦੇ ਵਿਰੁਧ ਹੈ ਤੇ ਨਿਰੰਕਾਰੀ ਲੀਡਰ ਦੀ ਹਰ ਗੱਲ ਸਿਖ ਧਰਮ ਤੇ ਕਰਾਰੀ ਸੱਟ ਹੈ, ਇਸ ਲਈ ਨਿਰੰਕਾਰੀਆਂ ਦੇ ਵਿਰੁਧ ਕੇਵਲ ਸਿਖ ਹੀ ਮੈਦਾਨ ਵਿਚ ਆਉਂਦੇ ਹਨ। ਸਿਟੇ ਦੇ ਤੌਰ ਤੇ ਅੰਮ੍ਰਿਤਸਰ, ਕਾਨਪੁਰ ਤੇ ਦਿਲੀ ਵਿਚ ਸਿਖਾਂ ਦਾ ਖੂਨ ਡੁਲ੍ਹਿਆ। ਦੂਜੇ ਪਾਸੇ ਨਿਰੰਕਾਰੀਆਂ ਦਾ ਇਹ ਕਹਿਣਾ ਹੈ ਕਿ ਉਹ ਕਿਸੇ ਧਰਮ ਦੇ ਵਿਰੁਧ ਨਹੀਂ ਹਨ ਤੇ ਉਹਨਾਂ ਦੇ 'ਬਾਬੇ' ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਉਹਨਾਂ ਦਾ ਮਿਸ਼ਨ ਇਨਸਾਨੀ ਬਰਾਬਰੀ ਤੇ ਭਾਈਚਾਰੇ ਦਾ ਹੈ ਤੇ ਅਸੀਂ ਹਰ ਮਤ ਦੇ ਭਲੇ ਲਈ ਕੰਮ ਕਰਦੇ ਹਾਂ ਤੇ ਅਸੀਂ ਸਾਰੇ ਪੀਰਾਂ, ਪੈਗੰਬਰਾਂ, ਗੁਰੂਆਂ ਦਾ ਸਤਕਾਰ ਕਰਦੇ ਹਾਂ।'

ਇਹਨਾਂ ਦੋਨਾਂ ਦੇ ਆਪਣੇ ਆਪਣੇ ਪੱਖ ਹਨ ਤੇ ਹਾਲ ਦੀ ਘੜੀ ਮੈਂ ਇਨ੍ਹਾਂ ਤੇ ਟਿਪਣੀ ਕਰਨੀ ਠੀਕ ਨਹੀਂ ਸਮਝਦਾ ਤੇ ਇਸ ਬਾਰੇ ਸਮਝਦਾਰਾਂ ਲਈ ਕੁਝ ਨੁਕਤੇ ਪੇਸ਼ ਕਰਨੇ ਚਾਹੁੰਦਾ ਹਾਂ :

ਜਿਥੋਂ ਤਕ ਮੇਰਾ ਵਿਚਾਰ ਹੈ ਤੇ ਹਰ ਸੱਚਾਈ-ਪਸੰਦ ਪੁਰਸ਼ ਵੀ ਪ੍ਰੋੜ੍ਹਤਾ ਕਰੇਗਾ ਕਿ ਕਿਸੇ ਮੱਤ ਦੀ ਸਚਾਈ ਲੱਭਣ ਲਈ ਇਹ ਦੇਖਣਾ ਜ਼ਰੂਰੀ ਹੋਵੇਗਾ ਕਿ ਉਸ ਮੱਤ ਦੀ ਨੀਂਹ ਰੱਖਣ ਵਾਲਾ ਕੌਣ ਹੈ। ਜਿਥੋਂ ਤੀਕ ਸਿਖ ਧਰਮ ਦੇ ਬਾਨੀ ਦਾ ਸਬੰਧ ਹੈ, ਇਹ ਸਾਰੀ ਦੁਨੀਆ ਜਾਣਦੀ ਹੈ ਕਿ ਗੁਰੂ ਨਾਨਕ ਦੇਵ ਜੀ ਤੇ ਨੌਂ ਗੁਰੂ ਸਾਹਿਬ ਕਿਹੋ ਜਿਹੇ ਸਨ ਤੇ ਉਹਨਾਂ ਦਾ ਆਚਰਣ ਤੇ ਆਦਤਾਂ ਕਿਹੋ ਜਿਹੀਆਂ ਸਨ ਅਤੇ ਸਿਖ ਧਰਮ ਦੀ ਧਾਰਮਿਕ ਪੁਸਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਬਾਰੇ ਮੋਟੇ ਤੌਰ ਤੇ ਹਰ ਧਰਮ ਦੇ ਆਦਮੀ ਨੂੰ ਪਤਾ ਹੈ ਕਿ ਇਸ ਵਿਚ ਪੀਰਾਂ,ਫਕੀਰਾਂ ਤੇ ਗੁਰੂਆਂ ਦੀ ਬਾਣੀ ਅੰਕਤ ਹੈ।

ਆਓ ਹੁਣ ਇਹ ਦੇਖੀਏ ਕਿ ਨਿਰੰਕਾਰੀ ਮਿਸ਼ਨ ਦੇ ਮੋਢੀ ਕੌਣ ਸਨ। ਸਾਨੂੰ ਉਹਨਾਂ ਦੀ ਪੁਸਤਕ 'ਯੁਗ ਪੁਰਸ਼' ਵਿਚੋਂ ਮਿਸਾਲਾਂ ਲੱਭਣੀਆਂ ਪੈਣਗੀਆਂ।

'ਯੁਗ ਪੁਰਸ਼' ਦੇ ਪੰਨਾ ੨੩੧ ਉਤੇ ਨਿਰੰਕਾਰੀ ਮਤ ਦੇ ਬਾਨੀ ਨੇ ਛੁਪੇ ਹੋਏ ਭੇਤ ਤੋਂ ਪਰਦਾ ਹਟਾਂਦਿਆਂ ਕਿਹਾ ਹੈ ਕਿ ਮੈਂ ਆਪ ਨਹੀਂ ਆਇਆ ਤੇ ਮੈਨੂੰ ਭੇਜਿਆ ਗਿਆ ਹੈ। ਇਸ ਤੋਂ ਪਹਿਲਾਂ ਕਿ



www.AKJ.Org

ਇਹਨਾਂ ਦਾ ਇਹ ਦਾਅਵਾ ਕਿਥੋਂ ਤਾਈਂ ਠੀਕ ਹੈ ਤੇ ਕੀ ਸਚੀਂ ਉਹ ਪ੍ਰਮਾਤਮਾ ਵਲੋਂ ਘਲਿਆ ਗਿਆ ਸੀ ਤੇ ਕੀ ਉਹ ਪ੍ਰਮਾਤਮਾ ਦੇ ਖ਼ਾਸ ਦੂਤ ਸਨ ? ਕਿਉਂਕਿ ਉਨ੍ਹਾਂ ਨੇ ਆਪਣੇ ਆਪ ਨੂੰ ਆਮ ਇਨਸਾਨਾਂ ਦੀ ਕਤਾਰ ਵਿਚ ਨਹੀਂ ਖੜਾ ਕੀਤਾ, ਸਗੋਂ ਉਨ੍ਹਾਂ ਇਹ ਦਸਣ ਦੀ ਤੇ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਹ ਅਵਤਾਰਾਂ, ਪੈਗੰਬਰਾਂ ਭਾਵ ਭਗਵਾਨ ਰਾਮ, ਹਜ਼ਰਤ ਮੁਹੰਮਦ ਸਾਹਿਬ, ਹਜ਼ਰਤ ਈਸਾ ਮਸੀਹ ਗੁਰੂ ਨਾਨਕ ਤੋਂ ਵੀ ਉਚਾ ਸੀ।

ਜਿਥੋਂ ਤਕ ਯਸੂਹ ਮਸੀਹ ਦਾ ਸਬੰਧ ਹੈ ਉਸ ਨੇ ਆਪਣੇ ਚੇਲਿਆਂ ਨੂੰ ਇਹ ਨਸੀਹਤ ਦਿਤੀ ਕਿ ਸਾਰੀ ਦੁਨੀਆ ਦੇ ਬੰਦਿਆਂ ਨੂੰ ਸੱਚ ਤੇ ਭਗਤੀ ਦੇ ਰਾਹ ਚਲਣਾ ਚਾਹੀਦਾ ਹੈ ਤੇ ਅਖੀਰ ਇਨ-ਸਾਨੀਅਤ ਲਈ ਸੂਲੀ ਚੜ੍ਹੇ।

ਜੇਕਰ ਅਵਤਾਰ ਸਿੰਘ ਦਾ ਇਹ ਦਾਅਵਾ ਮੰਨ ਲਈਏ ਕਿ ਉਹ ਆਪ ਨਹੀਂ ਆਏ ਸਗੋਂ ਭੇਜੇ ਗਏ ਹਨ ਤਾਂ ਇਹ ਦੋ ਹਜ਼ਾਰ ਸਾਲ ਦਾ ਇਸਾਈ ਮਤ ਝੂਠਾ ਸਾਬਤ ਹੋ ਜਾਂਦਾ ਹੈ, ਕਿਉਂਕਿ ਫੇਰ ਇਹ ਗਲ ਮੰਨਣੀ ਪਏਗੀ ਕਿ ਪਾਰ ਉਤਾਰਨਹਾਰ ਮਸੀਹ ਨਹੀਂ ਸਗੋਂ ਅਵਤਾਰ ਸਿੰਘ ਸਨ।

ਇਸਲਾਮ ਮੱਤ ਤਾਂ ਬਿਲਕੁਲ ਸਾਫ਼ ਹੈ ਅਤੇ ਇਸ ਦਾ ਇਹ ਦਾਅਵਾ ਹੁਣ ਭੀ ਹੈ ਤੇ ਪਰਲੋਕ ਤਕ ਵੀ ਰਹੇਗਾ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਮਗਰੋਂ ਕੋਈ ਇਕ ਹੋਰ ਨਵਾਂ ਰਸੂਲ ਪੈਦਾ ਨਹੀਂ ਹੋਵੇਗਾ।

ਸਰੋਤਿਆਂ ਨੂੰ ਇਹ ਪਤਾ ਹੋਵੇਗਾ ਕਿ ਮਿਰਜ਼ਾ ਅਹਿਮਦ ਕਾਦੀਆਨੀ ਨੇ ਇਹ ਦਾਅਵਾ ਕੀਤਾ ਸੀ ਕਿ ਮੈਂ ਮੁਸਲਮਾਨਾਂ ਦਾ ਰਸੂਲ ਹਾਂ ਤੇ ਮੈਨੂੰ ਖ਼ੁਦਾ ਨੇ ਪੈਗੰਬਰ ਬਣਾ ਕੇ ਘਲਿਆ ਹੈ। ਪਰ ਛੇਤੀ ਹੀ ਮੁਸਲਮਾਨਾਂ ਨੇ ਆਪਣੇ ਇਕੱਠ ਦਾ ਸਬੂਤ ਦਿਤਾ ਤੇ ਉਸ ਮੱਤ ਨੂੰ ਝੁਠਲਾ ਦਿਤਾ।

ਇਹ ਗੱਲ ਯਾਦ ਰਖਣ ਦੀ ਲੋੜ ਹੈ ਕਿ ਜਿਵੇਂ ਮੁਸਲਮਾਨਾਂ ਵਿਚੋਂ ਹੀ ਕਾਦੀਆਨੀ ਮੱਤ ਬਣਿਆ ਸੀ ਤੇ ਇਸਲਾਮੀ ਮੱਤ ਦੀ ਮਰਯਾਦਾ ਤੋਂ ਉਲਟ ਸੀ। ਠੀਕ ਇਸੇ ਤਰ੍ਹਾਂ ਨਿਰੰਕਾਰੀ ਤੇ ਉਨ੍ਹਾਂ ਦੀ ਮਰਯਾਦਾ ਸਿਖ ਜਗਤ ਤੋਂ ਬਿਲਕੁਲ ਉਲਟ ਹੈ।

ਹਾਂ ਜੀ ! ਜੋ ਨਕਸ਼ਾ ਅਵਤਾਰ ਸਿੰਘ ਨੇ ਆਪਣੇ ਭੇਜੇ ਜਾਣੇ ਦਾ ਆਪ ਖਿਚਿਆ ਹੈ, ਉਸ ਨੂੰ ਦੇਖੀਏ :—

"ਮਹਾਂਪੁਰਖੋ, ਅੱਜ ਮੈਂ ਤੁਹਾਨੂੰ ਇਕ ਭੇਦ ਭਰੀ ਗੱਲ ਦੱਸ ਰਿਹਾ ਹਾਂ। ਅਸਲ ਗੱਲ ਇਹ ਹੈ ਕਿ ਸੰਮਤ ੧੯੦੦ ਦੇ ਆਖਰ ਵਿਚ ਜਦੋਂ ਸਾਰੀ ਦੁਨੀਆ ਦੇ ਲੋਕ ਆਪਣੇ ਪੀਰਾਂ ਪੈਗੰਬਰਾਂ ਦੀ ਤਾਲੀਮ ਨੂੰ ਭੁਲ ਕੇ ਮਨ-ਮਾਨੀਆਂ ਕਰ ਰਹੇ ਸਨ, ਜਿਸ ਕਰਕੇ ਇਸ ਧਰਤੀ ਤੇ ਪਾਪ ਵਧ ਗਿਆ ਸੀ। ਉਸ ਵੇਲੇ ਪ੍ਰਮਾਤਮਾ ਨੇ ਇਸ ਦੁਨੀਆ ਵਿਚ ਕਿਸੇ ਵਡੇ ਵਿਅਕਤੀ ਨੂੰ ਦੁਨੀਆ ਦੇ ਲੋਕਾਂ ਨੂੰ ਸਿਧੇ ਰਾਹ ਤੇ ਲਿਆਉਣ ਲਈ ਭੇਜਣ ਦਾ ਫ਼ੈਸਲਾ ਕੀਤਾ। ਇਸ ਫ਼ੈਸਲੇ ਦੇ ਮਗਰੋਂ ਇਕ ਦਿਨ ਪ੍ਰਮਾ-ਤਮਾ ਪ੍ਰਭੂ ਨੇ ਪਿਛੇ ਹੋਏ ਸਾਰੇ ਵਲੀ ਅਵਤਾਰਾਂ ਨੂੰ ਆਪਣੇ ਕੋਲ ਸਦਿਆ ਤੇ ਧਰਤੀ ਮਾਤਾ ਦੀ ਪੁਕਾਰ ਤੇ ਲੋਕਾ ਦੇ ਗਿਰਦੇ ਆਚਰਨ ਵਲ ਧਿਆਨ ਦੁਆਉਂਦੇ ਹੋਏ ਕਿਸੇ ਇਕ ਨੂੰ ਇਸ ਮਾਤ ਲੋਕ ਉਪਰ ਭੇਜਣ ਦੀ ਇਛਿਆ ਪ੍ਰਗਟ ਕੀਤੀ।"

ਦੇਖੋ ਪੰਨਾ ੨੩੧ 'ਜੁਗ ਪੁਰਸ਼'

ਹੁਣ ਦੇਖਣ ਵਾਲੀ ਗੱਲ ਇਹ ਹੈ ਕਿ ਇਹ ਕਹਾਣੀ ਤਾਂ ਉਨ੍ਹੀਂਵੀਂ ਸਦੀ ਦੇ ਅੰਖੀਰ ਦੀ ਹੈ, ਜਦੋਂ ਮਾਤ ਲੋਕ ਵਿਚ ਪਾਪ ਵਧਿਆ ਹੋਇਆ ਸੀ ਤੇ ਸ਼ਰੀਫੀ ਆਪਣੇ ਆਖਰੀ ਸਾਹਾਂ ਤੇ ਸੀ ਤੇ ਉਸ ਵੇਲੇ ਰਬ ਨੇ ਕਿਸੇ ਵਡੇ ਵਿਅਕਤੀ ਨੂੰ ਮਾਤ ਲੋਕ ਵਿਚ ਭੇਜਣ ਦਾ ਫ਼ੈਸਲਾ ਕੀਤਾ। ਇਥੇ ਤੁਸੀਂ ਇਹ ਨ ਸੋਚੋ ਕਿ ਉਨ੍ਹੀਵੀਂ ਸਦੀ ਦੇ ਅਖੀਰ ਵਿਚ ਕੋਈ ਖਾਸ ਪਾਪ ਸਨ ਜੋ ਹੁਣ ਨਹੀਂ ਹੋ ਰਹੇ, ਤੇ ਉਹ ਕਿਹੜੇ ਪਾਪ ਹਨ ਜੋ ਹੁਣ ਅਵਤਾਰ ਸਿੰਘ ਕਰਕੇ ਘੱਟ ਗਏ ਹਨ ਜਾਂ ਬਿਲਕੁਲ ਬੰਦ ਹੋ ਗਏ ਹਨ। ਵਿਸ਼ੇਸ਼ ਗੱਲ ਇਹ ਹੈ ਕਿ ਉਸ ਵੇਲੇ ਦੇ ਰੱਬ ਵਿਚ ਇੰਨੀ ਸ਼ਕਤੀ ਨਹੀਂ ਸੀ ਕਿ ਕੋਈ ਫ਼ੈਸਲਾ ਆਪ ਇਕੱਲਾ ਹੀ ਕਰ ਲਵੇ ਤੇ ਉਸ ਨੂੰ ਨੇਪਰੇ ਚਾੜ੍ਹੇ। ਇਸ ਲਈ ਉਸ ਨੇ



www.AKJ.Org

ਪਿਛਲੇ ਭੇਜੇ ਗਏ ਵਲੀ ਤੇ ਅਵਤਾਰਾਂ ਦੀ ਮੀਟਿੰਗ ਬੁਲਾਈ ਤੇ ਪਾਪ ਧਰਤੀ ਦੇ ਹੁੰਦੇ ਦੇਖ ਕੇ ਉਨ੍ਹਾਂ ਹੀ ਪੀਰਾਂ ਤੇ ਫਕੀਰਾਂ ਨੂੰ ਦੁਨੀਆ ਦੇ ਸੁਧਾਰ ਲਈ ਭੇਜਣਾ ਚਾਹਿਆ ਜਿਨ੍ਹਾਂ ਨੂੰ ਪਹਿਲਾਂ ਭੀ ਇਸ ਕੰਮ ਲਈ ਭੇਜਿਆ ਜਾ ਚੁਕਾ ਸੀ ਕਿ ਸ਼ਾਇਦ ਇਸ ਲਈ ਕਿ ਰੱਬ ਦਾ ਖਜ਼ਾਨਾ ਖਾਲੀ ਹੋ ਚੁਕਾ ਸੀ। ਅਖੀਰ ਉਸ ਦੀ ਸਦੀ ਗਈ ਇਕੱਤਰਤਾ ਬੜੀ ਬੁਰੀ ਤਰ੍ਹਾਂ ਨਾਕਾਮ ਹੋਣ ਲਗੀ ਸੀ। ਜਾਣਦੇ ਹੋ ਕਿਉਂ ? ਉਹ ਇਸ ਲਈ ਕਿ ਅਵਤਾਰ ਸਿੰਘ ਨੂੰ ਇਸ ਵਿਚ ਨਹੀਂ ਸਦਿਆ ਗਿਆ ? ਤੁਸੀਂ ਹੈਰਾਨ ਨਾ ਹੋਵੋ, ਭਾਵੇਂ ਤੁਹਾਡੀ ਸਮਝ ਇਸ ਨੂੰ ਮੰਨਣ ਲਈ ਤਿਆਰ ਹੋਵੇ ਜਾਂ ਨਾ ਤੇ ਇਸ ਨੂੰ ਵੀ ਅਕਲ ਤੇ ਪਰਖਣੇ ਤੋਂ ਬਿਨਾਂ ਛਡ ਦਿਉ ਕਿ ਪ੍ਰਮਾਤਮਾ ਵੀ ਕਿਸੇ ਸਿਟੇ ਤੇ ਪੁਜਣ ਲਈ ਜਾ ਕੋਈ ਫੈਸਲਾ ਕਰਨ ਲਈ ਕਿਸੇ ਇਨਸਾਨ ਦਾ ਮੁਹਤਾਜ ਹੈ। ਹੋਰ ਅਗੇ ਜਾ ਕੇ ਪੜ੍ਹੋ।

ਪਰ ਧਰਤੀ ਤੇ ਜਾਣ ਨੂੰ ਕੋਈ ਤਿਆਰ ਨਾ ਹੋਇਆ। ਭਗਵਾਨ ਰਾਮ, ਕ੍ਰਿਸ਼ਨ ਹਜ਼ਰਤ ਮੁਹੰਮਦ, ਈਸਾ ਮਸੀਹ, ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਅਵਤਾਰਾਂ ਤੇ ਪੈਗੰਬਰਾਂ ਨੇ ਉਨ੍ਹਾ ਨਾਲ ਹੋਏ ਭੈੜੇ ਵਰਤਾਉ ਕਾਰਨ ਮਾਤ ਲੋਕ ਤੇ ਜਾਣ ਤੋਂ ਇਨਕਾਰ ਕਰ ਦਿਤਾ।

ਕਿਆ ਕਹਿਣੇ। ਇਥੇ ਤਾਂ ਉਸ ਨੇ ਇਸ ਗਲ ਨੂੰ ਸਪੱਸ਼ਟ ਹੀ ਕਰ ਦਿਤਾ। ਵਡੇ ਵਡੇ ਅਵਤਾਰਾਂ, ਵਲੀਆਂ ਨੇ ਰੱਬ ਦੇ ਹੁਕਮ ਨੂੰ ਮੰਨਣੋਂ ਇਨਕਾਰ ਕਰ ਦਿਤਾ। ਇਥੇ ਪ੍ਰਮਾਤਮਾ ਦੀ ਸ਼ਾਨ ਤੇ ਅਵਤਾਰਾਂ ਦੀ ਇਸ ਬੇਰੁਖੀ ਤੇ ਹੈਰਾਨੀ ਨਾ ਕਰੋ।

ਹੋਰ ਅਗੇ ਚਲ ਕੇ ਰੱਬ ਦੀ ਲਾਚਾਰੀ ਦੇਖੋ ਕਿ ਇਕ ਜਾਂ ਦੋ ਅਵਤਾਰਾਂ ਨੇ ਨਹੀਂ, ਸਗੋਂ ਸਾਰੇ ਹੀ ਵਲੀਆਂ ਤੇ ਪੈਗੰਬਰਾਂ ਨੇ ਰੱਬ ਦੇ ਹੁਕਮ ਨੂੰ ਕਿਸ ਤਰ੍ਹਾਂ ਲਤ ਮਾਰੀ। ਸਿਰਫ ਇਸੇ ਕਾਰਨ ਹੀ ਦੁਨੀਆ ਦੇ ਲੋਕਾਂ ਨੇ ਉਹਨਾਂ ਨਾਲ ਚੰਗਾ ਵਰ-ਤਾਉ ਨਹੀਂ ਸੀ ਕੀਤਾ ਤੇ ਉਹਨਾਂ ਦੁਬਾਰਾ ਦੁਨੀਆ ਵਿਚ ਆਉਣ ਤੋਂ ਨਾਂਹ ਕਰ ਦਿਤੀ। ਉਹ ਸਮਾਂ ਕਿੰਨਾ ਨਾਜ਼ਕ ਹੋਵੇਗਾ ਜਦੋਂ ਪ੍ਰਮਾਤਮਾ ਦੇ ਘਰ ਵਡੇ ਬੰਦਿਆਂ ਦੀ ਘਾਟ ਜਿਹੀ ਹੋ ਗਈ ਹੋਵੇਗੀ ਤੇ ਰੱਬ ਨੇ ਮਜਬੂਰ ਹੋ ਕੇ ਇਨ੍ਹਾਂ ਸਾਰਿਆਂ ਵਲੀਆਂ, ਪੈਗੰਬਰਾਂ ਤੇ ਅਵਤਾਰਾਂ ਨੂੰ ਸੱਦ ਕੇ ਉਹਨਾਂ ਨਾਲ ਸਲਾਹ ਕੀਤੀ ਹੋਵੇਗੀ ਤੇ ਉਹਨਾਂ ਵਿਚੋਂ ਕੋਈ ਵੀ ਮਾਤ ਲੋਕ ਵਿਚ ਜਾਣ ਨੂੰ ਰਾਜ਼ੀ ਨਾ ਹੋਇਆ ਹੋਵੇਗਾ। ਇਸ ਲਈ ਆਪਣੇ ਤਜਰ-ਬਿਆਂ ਅਨੁਸਾਰ ਇਹਨਾਂ ਵਡਿਆਂ ਇਨਸਾਨਾਂ ਨੇ ਰੱਬ ਦੇ ਹੁਕਮ ਨੂੰ ਠੁਕਰਾ ਦਿਤਾ। ਉਸ ਵੇਲੇ ਪ੍ਰਮਾਤਮਾ ਦੀ ਕੀ ਹਾਲਤ ਹੋਵੇਗੀ, ਉਸ ਨੂੰ ਆਪਣੇ ਸਾਹਮਣੇ ਹਨੇਰਾ ਜਿਹਾ ਹੀ ਭਾਸਦਾ ਹੋਵੇਗਾ।

ਉਦਾਹਰਣ ਵਜੋਂ ਇਹ ਸੋਚੋ ਕਿ ਨਿਰੰਕਾਰੀਆਂ ਦੇ ਇਸ ਵੇਲੇ ਦੇ ਆਗੂ ਗੁਰਬਚਨ ਸਿੰਘ ਜੇ ਆਪਣੇ ਨਿਕਟਵਰਤੀ ਬੰਦੇ ਨੂੰ ਕੋਈ ਜ਼ਿੰਮੇਵਾਰੀ ਦਾ ਕੰਮ ਸੌਂਪਣ ਤੇ ਉਹ ਉਹਦੇ ਹੁਕਮ ਨੂੰ ਠੁਕਰਾ ਦੇਣ ਤੇ ਸਾਫ਼ ਸਾਫ਼ ਕਹਿ ਦੇਣ 'ਕਿ ਖਿਮਾ ਕਰਨੀ' ਅਸੀਂ ਪਹਿਲਾਂ ਵੀ ਇਹ ਕੰਮ ਕਰ ਚੁਕੇ ਹਾਂ। ਇਸ ਲਈ ਅਸੀਂ ਦੂਜੀ ਵਾਰੀ ਇਹ ਕੰਮ ਨਹੀਂ ਕਰ ਸਕਦੇ ਤੇ ਤੁਸੀਂ ਕੋਈ ਹੋਰ ਘਰ ਦੇਖੋ।'

ਇਹ ਜੁਆਬ ਸੁਣ ਕੇ 'ਬਾਬੇ' ਦੀਆਂ ਤਾਂ ਅਖਾਂ ਖੁਲ੍ਹੀਆਂ ਹੀ ਰਹਿ ਜਾਣਗੀਆਂ ਤੇ ਇਹਨਾਂ ਨੂੰ ਆਪਣੇ ਮਿਸ਼ਨ ਦਾ ਭਵਿਖ ਸਿਰਫ਼ ਕਾਲਾ ਹੀ ਨਹੀਂ ਸਗੋਂ ਢਹਿੰਦਾ ਮਲੂਮ ਹੋਵੇਗਾ ਤੇ ਇਨ੍ਹਾਂ ਨਿਕਟਵਰਤੀਆਂ ਨੂੰ ਜ਼ਰੂਰ ਕੋਈ ਦੰਡ ਦੇਣਗੇ। ਇਥੋਂ ਤਕ ਕਿ ਉਹਨਾਂ ਨੂੰ ਆਪਣੇ ਮਿਸ਼ਨ ਵਿਚੋਂ ਹੀ ਕਢ ਦੇਣਗੇ। ਇਸੇ ਤਰ੍ਹਾਂ ਜਦੋਂ ਰੱਬ ਦੇ ਨਿਕਟਵਰਤੀ ਪੈਗੰਬਰ ਤੇ ਅਵਤਾਰ ਉਸ ਦੇ ਹੁਕਮ ਦੀ ਪਾਲਣਾ ਨਾ ਕਰਨ ਤੇ ਕੋਰਾ ਜੁਆਬ ਦੇ ਦੇਣ ਤਾਂ ਆਖ ਹੀ ਸੋਚੋ ਕਿ ਪ੍ਰਮਾਤਮਾ ਦਾ ਉਨ੍ਹਾਂ ਲਈ ਕੀ ਪ੍ਰੋਗਰਾਮ ਹੋਵੇਗਾ। ਕੀ ਉਹ ਰੱਬ ਉਹਨਾਂ ਨੂੰ ਖਿਮਾ ਕਰੇਗਾ ਜਿਸ ਦੇ ਹਥਾਂ ਵਿਚ ਸਾਰੀ ਸਰਿਸ਼ਟੀ ਹੈ ਤੇ ਵਡੇ ਵਡੇ ਪੈਗੰਬਰ ਤੇ ਅਵਤਾਰ ਵੀ ਉਸ ਦੇ ਹੱਥਾਂ ਵਲ ਦੇਖਦੇ ਹਨ। ਇਹ ਤਾਂ ਇਕ ਜੀ, ਕਹਾਣੀ ਇਥੇ ਹੀ ਸਮਾਪਤ ਨਹੀਂ ਹੋ ਜਾਂਦੀ। ਅਗੇ ਚਲ ਕੇ ਅਵਤਾਰ ਸਿੰਘ ਇਸ ਤਰ੍ਹਾਂ ਲਿਖਦੇ ਹਨ:

"ਉਸ ਵੇਲੇ ਮੈਂ ਭੀ ਵਲੀਆਂ, ਅਵਤਾਰਾਂ ਤੇ ਵਡੇ ਇਨਸਾਨਾਂ ਦੀ ਤਰ੍ਹਾਂ ਸੂਖਮ ਸਰੀਰ ਹੁੰਦੇ ਹੋਏ ਨਿਰੰਕਾਰ ਦੇ ਦਰਬਾਰ ਵਿਚ ਹਾਜ਼ਰ ਸੀ ਅਤੇ ਮੈਂ ਇਨ੍ਹਾਂ ਦੀਆਂ ਸਾਰੀਆਂ ਗੱਲਾਂ ਸੁਣ ਰਿਹਾ ਸੀ। ਅੰਤ ਵਿਚ ਸਾਰੇ ਅਵਤਾਰਾਂ ਦੇ ਜ਼ੋਰ ਪਾਉਣ ਤੇ



www.AKJ.Org

ਪ੍ਰਮਾਤਮਾ ਨੇ ਮੇਰੇ ਵਲ ਧਿਆਨ ਦਿਤਾ ਤੇ ਮੈਂ ਉਨ੍ਹਾਂ ਦਾ ਇਸ਼ਾਰਾ ਸਮਝਦੇ ਹੋਏ ਆਪਣੀ ਥਾਂ ਤੇ ਖਲੋ ਗਿਆ।''

ਇਸ ਸਮੇਂ ਉਤੇ ਨਿਰੰਕਾਰੀਆਂ ਤੋਂ ਬਹੁਤ ਗੱਲਾਂ ਪੁਛਣ ਨੂੰ ਜੀਅ ਕਰਦਾ ਹੈ। ਪਰ ਹਾਲ ਦੀ ਘੜੀ ਮੈਂ ਕੇਵਲ ਦੋ ਗੱਲਾਂ ਪੁਛਣੀਆਂ ਚਾਹੁੰਦਾ ਹਾਂ। ਪਹਿਲੀ ਗੱਲ ਇਹ ਕਿ ਜਦੋਂ ਪ੍ਰਮਾਤਮਾ ਨੇ ਪਿਛਲੇ ਸਮੇਂ ਹੋਏ ਅਵਤਾਰਾਂ ਨੂੰ ਇਕੱਤਰਤਾ ਵਿਚ ਆਪਣੇ ਪਾਸ ਬੁਲਾਇਆ ਸੀ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਉਹ ਮੀਟਿੰਗ ਉਨ੍ਹਾਂ ਦੀ ਨਿਜੀ ਮੀਟਿੰਗ ਸੀ। ਉਸ ਵਿਚ ਅਵਤਾਰ ਸਿੰਘ ਕਿਵੇਂ ਪੁਜ ਗਿਆ? ਦੂਜੀ ਗਲ, ਜਦੋਂ ਸਾਰੇ ਅਵਤਾਰਾਂ ਨੇ ਅਵਤਾਰ ਸਿੰਘ ਨੂੰ ਮਾਤ ਲੋਕ ਤੇ ਜਾਣ ਲਈ ਜ਼ੋਰ ਪਾਉਣਾ ਹੀ ਸੀ ਤਾਂ ਇਹਨਾਂ ਅਵਤਾਰਾਂ ਨੇ ਪਹਿਲਾਂ ਹੀ ਰੱਬ ਨੂੰ ਸਾਫ ਕਿਉਂ ਨਹੀਂ ਕਹਿ ਦਿਤਾ? ਉਹ ਬੜੀ ਨਿਮ-ਰਤਾ ਨਾਲ ਰੱਬ ਨੂੰ ਇਹ ਸਲਾਹ ਦਿੰਦੇ ਕਿ ਇਸ ਵਾਰੀ ਅਵਤਾਰ ਸਿੰਘ ਨੂੰ ਮਾਤ ਲੋਕ ਵਿਚ ਭੇਜੋ। ਸਾਨੂੰ ਉਮੀਦ ਹੈ ਕਿ ਇਹ ਦੁਨੀਆ ਨੂੰ ਪਾਪਾਂ ਤੇ ਜਬਰ ਸਿਤਮ ਤੋਂ ਛੁਟਕਾਰਾ ਦੁਆਣਗੇ। ਇਸ ਤਰ੍ਹਾਂ ਉਹ ਬੜੇ ਸੁਚੱਜੇ ਢੰਗ ਨਾਲ ਆਪਣੀ ਜ਼ਿੰਮੇਵਾਰੀ ਦੂਜਿਆਂ ਦੇ ਮੋਢਿਆਂ ਤੇ ਰੱਖ ਕੇ ਸਾਫ ਨਿਕਲ ਸਕਦੇ ਸਨ। ਪਰ ਉਹ ਰੱਬ ਦੇ ਹੁਕਮ ਤੋਂ ਇਨਕਾਰੀ ਹੋ ਬੈਠੇ।

ਹੁਣ ਤੁਸੀਂ ਅਵਤਾਰ ਸਿੰਘ ਦੀ ਮਨਘੜਤ ਨਕਲੀ ਕਹਾਣੀ ਵੀ ਸੁਣ ਲਓ।

"ਪ੍ਰਮਾਤਮਾ ਨੇ ਮੇਰੇ ਵਲ ਤਕਿਆ ਤੇ ਕਿਹਾ ਕਿ ਮੇਰੀ ਤੀਬਰ ਇਛਾ ਹੈ ਕਿ ਤੁਸੀਂ ਮਾਤ ਲੋਕ ਵਿਚ ਜਾ ਕੇ ਇਨਸਾਨਾਂ ਦੀ ਅਗਵਾਈ ਕਰੋ।"

ਇਹ ਇਕ ਸਚਾਈ ਹੈ ਕਿ ਪੀਰ ਪੈਗੰਬਰ ਤੇ ਗੁਰੂ ਅਵਤਾਰ ਦੁਨੀਆਂ ਵਿਚ ਇਸ ਲਈ ਭੇਜੇ ਜਾਂਦੇ ਹਨ ਕਿ ਦੁਨੀਆ ਦੇ ਲੋਕਾਂ ਨੂੰ ਭਗਤੀ ਵਲ ਪ੍ਰੇਰਨ ਤੇ ਇਨਸਾਨੀ ਬਰਾਬਰੀ ਦਾ ਸਬਕ ਦੇਣ ਤੇ ਜ਼ੁਲਮ ਤੇ ਘ੍ਰਿਣਾ ਦੇ ਵਿਰੁਧ ਸੰਘਰਸ਼ ਕਰਨ। ਇਸ ਮੰਤਵ ਲਈ ਪੈਗੰਬਰਾਂ ਤੇ ਅਵਤਾਰਾਂ ਨੇ ਆਪਣਾ ਫਰਜ਼ ਪੂਰੀ ਤਰ੍ਹਾਂ ਨਿਭਾਇਆ। ਭਾਵੇਂ ਉਨ੍ਹਾਂ ਨੂੰ ਇਸ ਕੰਮ ਵਿਚ ਬਹੁਤ ਔਕੜਾਂ ਪੇਸ਼ ਆਈਆਂ। ਇਹ ਗੱਲ ਇਕ ਸਾਧਾਰਨ ਆਦਮੀ ਵੀ ਸੋਚ ਸਕਦਾ ਹੈ। ਇਸੇ ਵਿਚਾਰ ਅਧੀਨ ਜੇਕਰ ਪ੍ਰਮਾਤਮਾ ਪਿਛਲੇ ਸਮੇਂ ਦੇ ਪੀਰਾਂ ਪੈਗੰਬਰਾਂ ਤੇ ਅਵਤਾਰਾਂ ਨੂੰ ਬੁਲਾ ਕੇ ਇਨ੍ਹਾਂ ਵਿਚੋਂ ਕਿਸੇ ਇਕ ਨੂੰ ਮਾਤ ਲੋਕ ਵਿਚ ਭੇਜਣ ਦੀ ਚੇਸ਼ਟਾ ਜ਼ਾਹਿਰ ਕਰਨ ਤਾਂ ਇਨ੍ਹਾਂ ਹਾਲਤਾਂ ਵਿਚ ਉਥੇ ਹਾਜ਼ਰ ਹਰ ਇਕ ਪੈਗੰਬਰ ਨੂੰ ਇਸ ਕੰਮ ਲਈ ਅਗੇ ਆਉਣਾ ਚਾਹੀਦਾ ਹੈ ਤੇ ਪੂਰੇ ਜੋਸ਼ ਤੇ ਸਮਰਥਾ ਨਾਲ ਪ੍ਰਮਾਤਮਾ ਉਤੇ ਭਰੋਸਾ ਰਖਦੇ ਹੋਏ ਰੱਬ ਦੀ ਕਚ-ਹਿਰੀ ਵਿਚ ਇਸ ਤਰ੍ਹਾਂ ਬੇਨਤੀ ਕਰਨੀ ਚਾਹੀਦੀ ਹੈ ਕਿ "ਹੇ ਪ੍ਰਮਾਤਮਾ, ਅਸੀਂ ਤਾਂ ਪਹਿਲਾਂ ਭੀ ਇਸ ਕੰਮ ਨੂੰ ਕਾਮਯਾਬੀ ਨਾਲ ਕਰ ਚੁਕੇ ਹਾਂ ਤੇ ਇਨ੍ਹਾਂ ਦੀਆਂ ਔਕੜਾਂ ਉਤੇ ਕਾਬੂ ਪਾ ਚੁਕੇ ਹਾਂ। ਇਸ ਲਈ ਤੁਹਾਡਾ ਹੁਕਮ ਸਿਰ ਮੱਥੇ। ਸਾਨੂੰ ਖੁਸ਼ੀ ਹੈ ਕਿ ਆਪ ਜੀ ਨੇ ਇਸ ਕੰਮ ਲਈ ਸਾਨੂੰ ਚੁਣਿਆ ਹੈ।''

ਪਰ ਅਫਸੋਸ! ਅਵਤਾਰ ਸਿੰਘ ਦੇ ਦਸਣ ਦੀ ਰੋਸ਼ਨੀ ਵਿਚ, ਇਨ੍ਹਾਂ ਪੈਗੰਬਰਾਂ ਨੂੰ ਇੰਨੀ ਵੀ ਅਕਲ ਨਾ ਆਈ ਕਿ ਜਿੰਨੀ ਆਮ ਇਨਸਾਨ ਨੂੰ ਹੁੰਦੀ ਹੈ। ਇਸ ਲਈ ਉਨ੍ਹਾਂ ਨੇ ਬੜੀ ਗੁਸਤਾਖ਼ੀ ਨਾਲ ਤੇ ਬੜੇ ਹੌਸਲੇ ਨਾਲ ਪ੍ਰਮਾਤਮਾ ਦੇ ਹੁਕਮ ਨੂੰ ਲਤ ਮਾਰੀ। ਰੱਬ ਦੀ ਮਜਬੂਰੀ ਤੇ ਪੈਗੰਬਰਾਂ ਤੇ ਅਵਤਾਰਾਂ ਦੀ ਹੁਕਮ ਤੋਂ ਇਨਕਾਰੀ। ਫਿਰ ਅਵਤਾਰ ਸਿੰਘ ਰੱਬ ਅਗੇ ਆਪਣੀ ਸ਼ਰਤ ਰਖਦਾ ਹੈ, "ਮੈਂ ਮਾਤ ਲੋਕ ਤੇ ਜਾਣ ਲਈ ਤਿਆਰ ਹਾਂ। ਇਸ ਲਈ ਤੁਹਾਨੂੰ ਮੇਰੀਆਂ ਕੁਝ ਸ਼ਰਤਾਂ ਮੰਨਣੀਆਂ ਪੈਣਗੀਆਂ। "ਜਿਵੇਂ ਕਹੋਗੇ ਉਵੇਂ ਹੀ ਹੋਵੇਗਾ", ਨਿਰੰਕਾਰ ਨੇ ਕਿਹਾ।

ਮੈਂ ਇਸ ਮਨਘੜਤ ਲਿਖਤ ਉਤੇ ਟਿਪਣੀ ਨਾ ਕਰਦਾ ਹੋਇਆ ਸਾਰੇ ਧਰਮਾਂ ਦੇ ਬੰਦਿਆਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਨਿਰੰਕਾਰੀ ਮਿਸ਼ਨ ਨੂੰ ਸਮਝਣ ਤੋਂ ਪਹਿਲਾਂ ਇਹ ਸੋਚਣ ਦੀ ਖੇਚਲ ਕਰਨ ਕਿ ਇਸ ਦੇ ਆਗੂ ਅਵਤਾਰ ਸਿੰਘ ਦੀ ਲਿਖਤ ਦੀ ਰੋਸ਼ਨੀ ਵਿਚ ਵਿਚਾਰਨ ਕਿ ਉਨ੍ਹਾਂ ਦੀ ਨਿਜੀ ਜ਼ਹਿਨੀਅਤ ਕੀ ਸੀ ਤੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਸਾਰੇ ਪੈਗੰਬਰਾਂ ਤੇ ਅਵਤਾਰਾਂ ਦੀ ਵੁਕਅਤ ਕੀ ਸੀ?



www.AKJ.Org

# ਗੁਰਬਾਣੀ ਦੀ ਲਗ-ਮਾਤ੍ਰੀ ਨਿਯਮਾਵਲੀ (੬)

[ ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ]

## ਕਰਤਾ ਕਾਰਕ (Nominative Case)

ਲਛਣ (Definition)—

ਕਰਤਾ ਦਾ ਭਾਵ ਹੈ ਕਰਨ ਵਾਲਾ। ਵਾਕ ਵਿਚ ਜਿਹੜਾ ਨਾਂਵ-ਸ਼ਬਦ ਕਿਰਿਆ ਦੇ ਕਰਨ ਵਾਲੇ ਨੂੰ ਪਰਗਟ ਕਰੇ, ਉਸਦਾ ਕਰਤਾ ਕਾਰਕ ਹੁੰਦਾ ਹੈ।

ਨੋਟ:—ਕਈ ਵਾਕ ਅਜਿਹੇ ਹੁੰਦੇ ਹਨ, ਜ੍ਹਿਨ੍ਹਾਂ ਦੇ ਨਾਂਵ ਦੁਆਰਾ ਕੋਈ ਕਿਰਿਆ ਨਹੀਂ ਕੀਤੀ ਹੋਈ ਹੁੰਦੀ, ਕੇਵਲ ਨਾਂਵ ਦੇ ਗੁਣਾਂ ਅਉਗੁਣਾਂ ਦੀ ਚਰਚਾ ਹੀ ਹੁੰਦੀ ਹੈ। ਅਜਿਹੇ ਨਾਂਵ ਵੀ ਕਰਤਾ ਕਾਰਕ ਨਾਂਵ ਹੀ ਹੁੰਦੇ ਹਨ। ਅਜਿਹੇ ਵਾਕਾਂ ਵਿਚ ਪੂਰਣ ਕਿਰਿਆ ਨਹੀਂ ਹੁੰਦੀ, ਕੇਵਲ.ਅਪੂਰਣ ਕਿਰਿਆ ਹੁੰਦੀ ਹੈ [ਹੈ, ਸੀ, ਹੋਵੇਗਾ, ਅਪੂਰਣ ਕਿਰਿਆ ਹਨ]।

ਉਦਾਹਰਣ —

"ਗੁਰਸਿਖ" ਅੰਮ੍ਰਿਤ ਵੇਲੇ ਉਠਦਾ ਹੈ।
'ਨਾਮ ਨੇ ਜਗਿਆਸੂ' ਦੀ ਮੈਲ ਧੋ ਕਢੀ।
"ਮਨੁਖਾ ਜਨਮ" ਪ੍ਰਭੂ ਦੀ ਅਮੋਲਕ ਦਾਤਿ ਹੈ।

ਉਪ੍ਰੋਕਤ ਵਾਕਾਂ ਵਿਚ 'ਗੁਰਸਿਖ', 'ਨਾਮ' ਅਤੇ 'ਮਨੁਖਾ ਜਨਮ' ਕਰਤਾ ਕਾਰਕ ਨਾਂਵ ਹਨ। ਪਹਿਲੇ ਵਾਕ ਵਿਚ ਕਰਤਾ-ਕਾਰਕ ਨਾਂਵ 'ਗੁਰਸਿਖ' ਨਾਲ "ਉਠਦਾ ਹੈ" ਕਿਰਿਆ ਹੈ। ਦੂਜੇ ਵਾਕ ਵਿਚ ਕਰਤਾ ਕਾਰਕ ਨਾਂਵ "ਨਾਮ" ਨਾਲ ਧੋ ਕਢੀ' ਕਿਰਿਆ ਹੈ। ਤੀਜੇ ਵਾਕ ਵਿਚ ਕਰਤਾ ਕਾਰਕ ਨਾਂਵ 'ਮਨੁਖਾ ਜਨਮ' ਨਾਲ ਪੂਰਨ ਕਿਰਿਆ ਕੋਈ ਨਹੀਂ, ਕੇਵਲ ਅਪੂਰਣ ਕਿਰਿਆ 'ਹੈ' ਆਈ ਹੈ। ਵਾਕ ਵਿਚ ਮਨੁਖਾ ਜਨਮ ਦੇ ਗੁਣ ਦਾ ਵਰਨਣ ਹੈ ਕਿ ਇਹ ਅਮੋਲਕ ਦਾਤਿ ਹੈ।

ਪਛਾਣ—ਵਾਕ ਦੀ ਕਿਰਿਆ ਤੋਂ ਪਹਿਲਾਂ 'ਕੌਣ', 'ਕਿਹੜਾ', 'ਕਿਸ ਨੇ' ਲਾ ਕੇ ਪ੍ਰਸ਼ਨ ਕੀਤਿਆਂ ਜੋ ਉਤਰ ਆਵੇ, ਉਹ ਕਰਤਾ-ਕਾਰਕ ਨਾਂਵ ਹੁੰਦਾ ਹੈ :—

ਪ੍ਰਸ਼ਨ:—ਕੌਣ ਉਠਦਾ ਹੈ ?
ਉੱਤਰ:—ਗੁਰਸਿਖ ... ... ... ... ... ... ...। ਕਰਤਾ ਕਾਰਕ ਨਾਂਵ
ਪ੍ਰਸ਼ਨ:—ਕਿਸ ਨੇ ਧੋ ਕਢੀ ?
ਉੱਤਰ:—ਨਾਮ ਨੇ ... ... ... ... ... ...। ਕਰਤਾ ਕਾਰਕ ਨਾਂਵ
ਪ੍ਰਸ਼ਨ:— ਕਿਹੜੀ (ਅਮੋਲਕ) ਦਾਤਿ ਹੈ ?
ਉੱਤਰ:—ਮਨੁਖਾ ਜਨਮ ... ... ... ... ...। ਕਰਤਾ ਕਾਰਕ ਨਾਂਵ

ਕਰਤਾ ਕਾਰਕ ਦੇ ਕਾਰਕ ਚਿੰਨ੍ਹ —

ਜਿਹਾ ਕਿ ਪਿਛੇ ਵਿਚਾਰਿਆ ਗਿਆ ਹੈ ਕਿ ਕਾਰਕ-ਚਿੰਨ੍ਹ ਸੰਬੰਧਕੀ-ਪਦਾਂ ਦਾ ਕੰਮ ਦੇਂਦੇ ਹਨ। ਕਰਤਾ ਕਾਰਕ ਦਾ ਸੰਬੰਧਕੀ ਪਦ 'ਨੇ' ਹੈ, ਜੋ ਕਿ ਓਦੋਂ ਆਉਂਦਾ ਹੈ ਜਦੋਂ ਵਾਕ ਦੀ ਕ੍ਰਿਰਿਆ ਭੂਤ-ਕਾਲ (ਬੀਤੇ ਕਾਲ) ਵਿਚ ਹੋਵੇ ਅਤੇ ਸਕਰਮਕ (ਕਰਮ ਸਹਿਤ) ਹੋਵੇ :



www.AKJ.Org

| ਕਰਤਾ ਕਾਰਕ ਨਾਂਵ ਕੇਵਲ ਚਰਚਾ | ਉਪ੍ਰੋਕਤ ਤੱਥਾਂ ਨੂੰ ਸਪੱਸ਼ਟ ਕਰਨ ਲਈ ਕੁਝ ਉਦਾਹਰਣਾਂ ਦੁਆਰਾ ਵਿਚਾਰ ਹੋਰ ਕੀਤਾ ਜਾਂਦਾ ਹੈ :– |
|---|---|

'ਗੁਰੂ' ਤੀਰਥ ਹੈ, 'ਗੁਰੂ' ਪਾਰਜਾਤ ਹੈ, 'ਗੁਰੂ' ਸਾਰੀਆਂ ਇੱਛਾਂ ਪੂਰੀਆਂ ਕਰਨਹਾਰ ਹੈ ।

ਇਸ ਤੁਕ ਵਿਚ 'ਗੁਰੂ' ਸ਼ਬਦ ਤਿੰਨ ਵਾਰ ਆਇਆ ਹੈ । ਇਸ ਤੁਕ ਵਿਚ ਨਾਂਵ ਸ਼ਬਦ 'ਗੁਰੂ' ਕਿਸੇ ਕਿਰਿਆ ਦਾ ਕਰਤਾ ਨਹੀਂ, ਸਗੋਂ ਗੁਰੂ ਦੇ ਵਖ ਵਖ ਗੁਣਾਂ ਦਾ ਕੇਵਲ ਵਰਨਣ ਹੈ । ਇਸੇ ਲਈ ਇਸ ਵਾਕ ਵਿਚ ਪੂਰਣ ਕਿਰਿਆ ਕੋਈ ਨਹੀਂ । ਪੂਰਣ ਕਿਰਿਆ ਤਾਂ ਹੋਵੇ ਜੇ ਨਾਂਵ ਦੁਆਰਾ ਕੋਈ ਕੰਮ ਕੀਤਾ ਗਿਆ ਹੋਵੇ । ਸੋ ਇਸ ਵਾਕ ਦੀ ਕਿਰਿਆ ਅਪੂਰਣ ਹੈ ।

['ਹੈ', 'ਹੈਸੀ' (ਸੀ) ਅਤੇ 'ਹੋਵੇਗਾ' ਅਪੂਰਨ ਕਿਰਿਆ ਹਨ ।]

ਗੁਰਬਾਣੀ ਵਿਚ ਕਰਤਾ ਕਾਰਕ ਦੀਆਂ ਇਸ ਕਿਸਮ ਦੀਆਂ ਪੰਗਤੀਆਂ ਵਿਚ ਅਪੂਰਣ ਕਿਰਿਆ ਹੀ ਹੁੰਦੀ ਹੈ; ਕਈ ਵਾਰੀ ਪਰਗਟ ਹੁੰਦੀ ਹੈ, ਕਈ ਵਾਰੀ ਲੁਪਤ, ਜਿਵੇਂ–

ਪਰਗਟ ਅਪੂਰਣ ਕਿਰਿਆ–

ਹਰਿ ਕਾ ਨਾਮੁ ਅੰਮ੍ਰਿਤੁ 'ਹੈ' ਦਾਰੂ ਏਹੁ ਲਾਇਹੁ ॥ (੫੫੪)
ਤੇ ਨੇਤ੍ਰ ਭਲੇ ਪਰਵਾਣੁ 'ਹਹਿ' ਮੇਰੀ ਜਿੰਦੁੜੀਏ ਜੋ ਸਾਧੂ ਸਤਿਗੁਰੁ ਦੇਖਹਿ ਰਾਮ ॥(੫੪੦)

ਲੁਪਤ ਅਪੂਰਣ ਕਿਰਿਆ–

ਪ੍ਰਭ ਕਾ ਸਿਮਰਨ ਸਭ ਤੇ ਊਚਾ ॥ (੨੬੩)
ਪ੍ਰਭ ਕਉ ਸਿਮਰਹਿ ਸੇ ਜਨ ਪਰਵਾਨ ॥ (੨੬੩)

| ਕਰਤਾ ਕਾਰਕ ਨਾਂਵ ਸੰਬੰਧਕ ਦੇ ਬਗ਼ੈਰ | ਉਦਾਹਰਣ ਨੰ: ੧– |
|---|---|

'ਸਤਿਗੁਰੂ' ਸਿਖ ਦੇ ਬੰਧਨ ਕਟ ਦੇਂਦਾ ਹੈ ।

ਪਛਾਣ:–ਪ੍ਰਸ਼ਨ : ਕੌਣ ਬੰਧਨ ਕਟਦਾ ਹੈ ? 'ਸਤਿਗੁਰੂ'
ਉੱਤਰ : 'ਸਤਿਗੁਰੂ' [ਕਰਤਾ ਕਾਰਕ ਪੁਲਿੰਗ ਨਾਂਵ, ਇਕ ਵਚਨ]

ਉਦਾਹਰਣ ਨੰ: ੨– ਤੇਰੇ 'ਜਨ' ਰਸ ਲੈ ਲੈ ਕੇ ਗੁਣ ਗਾਉਂਦੇ ਹਨ ।

ਪਛਾਣ :– ਪ੍ਰਸ਼ਨ : ਕੌਣ ਗੁਣ ਗਾਉਂਦੇ ਹਨ ?
ਉੱਤਰ : (ਤੇਰੇ) ਜਨ 'ਜਨ'
[ਕਰਤਾ ਕਾਰਕ, ਪੁਲਿੰਗ ਨਾਂਵ, ਬਹੁ-ਵਚਨ]

ਉਪ੍ਰੋਕਤ ਦੋਹਾਂ ਵਾਕਾਂ ਵਿਚ ਕਰਤਾ ਕਾਰਕ ਨਾਂਵ ਸ਼ਬਦ ਸਾਧਾਰਨ ਰੂਪ ਵਿਚ ਹਨ, ਭਾਵ ਉਹਨਾਂ ਦੇ ਨਾਲ ਕੋਈ ਸੰਬੰਧਕੀ-ਪਦ ਨਹੀਂ ਹੈ ।

| ਕਰਤਾ ਕਾਰਕ ਨਾਂਵ ਸੰਬੰਧਕੀ-ਪਦ ਨਾਲ | ਉਦਾਹਹਣ ਨੰ: ੧ |
|---|---|

ਪ੍ਰਭੂ ਨੇ ਇੱਜ਼ਤ ਰਖੀ, (ਸੇਵਕ ਦੀ) ਚੜ੍ਹਦੀ ਕਲਾ ਹੋਈ ।

ਪਛਾਣ :– ਪ੍ਰਸ਼ਨ : ਕਿਸ ਨੇ ਇੱਜ਼ਤ ਰਖੀ ?
ਉੱਤਰ : 'ਪ੍ਰਭੂ' ਨੇ । ਪ੍ਰਭੂ
[ਕਰਤਾ ਕਾਰਕ, ਪੁਲਿੰਗ ਨਾਂਵ, ਇਕ ਵਚਨ]



www.AKJ.Org

ਉਦਾਹਰਣ ਨੰ: ੨– 'ਲੋਕਾਂ ਨੇ ਰਾਮ ਨੂੰ ਐਵੇਂ ਖਿਡਾਉਣਾ ਸਮਝਿਆ ਹੋਇਆ ਹੈ।

ਪਛਾਣ : ਪ੍ਰਸ਼ਨ : ਕਿਸ ਨੇ ਸਮਝਿਆ ਹੋਇਆ ਹੈ ?

ਉੱਤਰ : ਲੋਕਾਂ ਨੇ। ਲੋਕ

[ਕਰਤਾ ਕਾਰਕ, ਪੁਲਿੰਗ ਨਾਂਵ, ਬਹੁ-ਵਚਨ]

ਉਪ੍ਰੋਕਤ ਦੋਹਾਂ ਵਾਕਾ ਵਿਚ ਕਿਰਿਆ ਭੂਤ (ਬੀਤੇ) ਕਾਲ ਦੀ ਹੈ ਅਤੇ ਸਕਰਮਕ ਹੈ ਤੇ ਇਸੇ ਲਈ ਸਬੰਧਕੀ-ਪਦ 'ਨੇ' ਆਇਆ ਹੈ। ਸਕਰਮ ਦਾ ਭਾਵ ਹੈ ਕਰਮ ਸਹਿਤ। ਦੋਹਾਂ ਵਾਕਾਂ ਵਿਚ ਕਿਰਿਆ ਦੇ ਨਾਲ ਉਸ ਕਰਮ ਦਾ ਵੀ ਵਰਨਣ ਹੈ ਜਿਸ ਉਤੇ ਕਿਰਿਆ ਤੋਂ ਪਰਗਟ ਹੋਣ ਵਾਲੇ ਕੰਮ ਦਾ ਅਸਰ ਪੈਂਦਾ ਹੈ;ਜਿਵੇਂ–

ਪ੍ਰਸ਼ਨ :– ਕੀ ਰਖੀ ?

ਉੱਤਰ :– ਇੱਜ਼ਤ। ... ... ... ... ... ... ਕਰਮ

ਪ੍ਰਸ਼ਨ :– ਕੀ ਸਮਝਿਆ ਹੋਇਆ ਹੈ ?

ਉੱਤਰ :– ਖਿਡਾਉਣਾ। ... ... ... ... ਕਰਮ

ਵਾਕ ਵਿਚ ਸੰਬੰਧਕੀ ਪਦ 'ਨੇ' ਇਕ ਹੋਰ ਹਾਲਤ ਵਿਚ ਵੀ ਆਉਂਦਾ ਹੈ। ਉਹ ਓਦੋਂ ਜਦੋਂ ਵਾਕ ਦੀ ਅਪੂਰਣ ਕਿਰਿਆ ਦਾ ਪੂਰਕ (ਪੂਰੇ ਕਰਨ ਵਾਲਾ) ਭਾਵਾਰਥ ਹੋਵੇ; ਜਿਵੇਂ –

(੧) 'ਨਾਮ ਨੇ' ਹੀ ਅੰਤ ਨੂੰ ਸਹਾਇਤਾ ਕਰਨੀ ਹੈ।

(੨) ਇਸ 'ਸਰੀਰ ਨੇ' ਅੰਤ ਨੂੰ ਮਿੱਟੀ ਵਿਚ ਮਿਲ ਜਾਣਾ ਹੈ।

(੩) 'ਜੀਵ ਨੇ' ਸੰਸਾਰ ਵਿਚ ਆ ਕੇ ਲਾਭ ਖਟਣਾ ਸੀ, ਪਰ ਐਵੇਂ ਵਿਸ਼ਿਆਂ ਵਿਚ ਫਸ ਕੇ ਆਪਣੀ ਰਾਸ ਪੂੰਜੀ ਵੀ ਗੁਆ ਗਿਆ।

ਉਪ੍ਰੋਕਤ ਵਾਕਾਂ ਵਿਚ ਅਪੂਰਣ ਕਿਰਿਆ 'ਹੈ' ਅਤੇ 'ਸੀ' ਆਈ ਹੈ। ਉਸ ਨੂੰ ਪੂਰਨ ਕਰਨ ਲਈ 'ਕਰਨੀ', 'ਜਾਣਾ' ਅਤੇ 'ਖਟਣਾ' ਭਾਵਾਰਥ ਇਸ ਦੇ ਨਾਲ ਵਰਤੇ ਗਏ ਹਨ।

[ਭਾਵਾਰਥ–ਧਾਤੂ ਦੇ ਅੰਤ ਵਿਚ 'ਨਾ', 'ਣਾ', 'ਨੀ', 'ਣੀ' ਲਾਇਆਂ ਭਾਵਾਰਥ ਬਣ ਜਾਂਦਾ ਹੈ।

| ਧਾਤੂ | ਭਾਵਾਰਥ | ਧਾਤੂ | ਭਾਵਾਰਥ |
|---|---|---|---|
| ਕਰ | ਕਰਨਾ | ਖਟ | ਖਟਣਾ |
| ਜਾ | ਜਾਣਾ | ਦੇਖ | ਦੇਖਣਾ |
| ਸੌਂ | ਸੌਣਾ | | |

ਵਾਕ ਦੀ ਕਿਰਿਆ ਭਾਵੇਂ ਭੂਤ ਕਾਲ ਦੀ ਹੋਵੇ, ਪਰ ਜੇਕਰ ਇਹ (ਕਿਰਿਆ) ਸਕਰਮਕ ਨਾ ਹੋਵੇ, ਸਗੋਂ ਅਕਰਮਕ ਹੋਵੇ, ਭਾਵ ਕਿਰਿਆ ਦੁਆਰਾ ਕੀਤੇ ਗਏ ਕੰਮ ਦਾ ਵਰਨਣ ਨਾ ਹੋਵੇ ਤਾਂ ਸਬੰਧਕੀ-ਪਦ 'ਨੇ' ਨਾਲ ਨਹੀਂ ਆਉਂਦਾ; ਜਿਵੇਂ–

(੧) 'ਸੂਰਜ' ਉਦੇ ਹੋਇਆ। (੨) 'ਸੰਗਤ' ਗੁਰਦਵਾਰੇ ਆ ਜੁੜੀ।

(੩) 'ਅਨਹਦ ਵਾਜਾ' ਦਸਮ ਦੁਆਰ ਵਿਚ ਵਜ ਉਠਿਆ।

(ਅਗਲੀ ਕਿਸ਼ਤ ਵਿਚ ਕਰਤਾ ਕਾਰਕ ਦੇ ਵਖ ਵਖ ਲਗਮਾਤ੍ਰੀ ਚਿੰਨ੍ਹਾਂ ਦਾ ਵੇਰਵਾ ਗੁਰਬਾਣੀ ਦੀਆਂ ਉਦਾਹਰਣਾਂ ਸਹਿਤ ਦਿਤਾ ਜਾਵੇਗਾ)।

ਲਗਮਾਤ੍ਰੀ ਕਾਰਕ-ਚਿੰਨ੍ਹ –

ਸਾਧਾਰਨ ਬੋਲ ਚਾਲ ਵਿਚ ਕਰਤਾ ਕਾਰਕ ਨਾਂਵ ਦਾ ਸੰਬੰਧਕ 'ਨੇ' ਹੈ, ਜੋ ਕਦੀ ਆਉਂਦਾ ਹੈ ਕਦੀ ਨਹੀਂ। ਇਸ ਬਾਰੇ ਵਿਚਾਰ ਵਿਸਥਾਰ ਸਹਿਤ ਪਿਛੇ ਕੀਤੀ ਗਈ ਹੈ। ਗੁਰਬਾਣੀ ਵਿਚ ਸੰਬੰਧਕੀ-ਪਦਾਂ ਦੀ ਬੜੀ ਸੰਚੋਕਵੀਂ ਵਰਤੋਂ ਮਿਲਦੀ ਹੈ। ਸੰਬੰਧਕੀ-ਪਦਾਂ ਦਾ ਕੰਮ ਬਹੁਤਾ



www.AKJ.Org

ਲਗਮਾਤ੍ਰੀ ਕਾਰਕ-ਚਿੰਨ੍ਹਾਂ ਤੋਂ ਲਿਆ ਗਿਆ ਹੈ । ਕਰਤਾ ਕਾਰਕ ਦੇ ਲਗਮਾਤ੍ਰੀ ਚਿੰਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ —

### ਕਰਤਾ ਕਾਰਕ ਦੇ ਲਗਮਾਤ੍ਰੀ ਚਿੰਨ੍ਹ

| ਜਿਹੜੇ ਵਰਗ ਦੇ ਨਾਂਵ ਹਨ | ਪੁਲਿੰਗ ਨਾਂਵ | | ਇਸਤ੍ਰੀ ਲਿੰਗ ਨਾਂਵ | |
|---|---|---|---|---|
| | ਇਕ-ਵਚਨ | ਬਹੁ-ਵਚਨ | ਇਕ-ਵਚਨ | ਬਹੁ-ਵਚਨ |
| ਮੁਕਤਾ-ਅੰਤ ਨਾਂਵ | ੁ ਿ ਿਹ<br>ਗੁਰੁ ਗੁਰਿ ਗੁਰਹਿ<br>ਨੋਟ:—(ੳ) ਕਦੀ ਕਦੀ ਔਂਕੜ ਦੀ ਅਵਾਜ਼ ਲੰਮੀ ਕਰਨ ਲਈ ਦੁਲੈਂਕੜੇ ਵਰਤੇ ਜਾਂਦੇ ਹਨ, ਕਦੀ ਕਦੀ ਹੋੜਾ ।<br>(ਅ) ਸਿਹਾਰੀ ਦੀ ਅਵਾਜ਼ ਲੰਮੇਰੀ ਕਰਨ ਲਈ ਕਦੀ ਕਦੀ ਲਾਂਵ ਵਰਤੀ ਜਾਂਦੀ ਹੈ । | ਮੂਲ ਰੂਪ (ਮੁਕਤਾ) ਾ* ੀ*<br>ਸਿਖ ਸਿਖਾ ਸਿਖੀ<br>ਹ ਨ<br>ਭਗਤਹ ਸੰਤਨ | ਮੂਲਰੂਪ(ਮੁਕਤਾ)<br>ਧਨ | ਕੰਨਾ*<br>ਭੈਣਾਂ,<br>ਸਿਆਣਾ। |
| (ਾ)ਕੰਨਾ-ਅੰਤ ਨਾਂਵ | ਮੂਲ ਰੂਪ (ਾ) ੇ ੋ ੌ<br>ਦਾਤਾ ਦਾਤੇ ਦਾਤੋ ਦਾਤੌ | ੇ ੀ* ਈ<br>ਪਤੇ ਭਤੀਜੀ ਵਣਜਾਰਈ<br>ਨ<br>ਮੁੰਡੀਅਨ | ਮੂਲ ਰੂਪ (ਾ)<br>ਦੁਬਿਧਾ | |
| (ਿ) ਸਿਹਾਰੀ-ਅੰਤ ਨਾਂਵ | ਮੂਲ ਰੂਪ (ਿ)<br>ਹਰਿ | | ਮੂਲ ਰੂਪ (ਿ)<br>ਸਰਪਨਿ | ੀ*<br>ਲਹਰੀ |
| (ੀ) ਬਿਹਾਰੀ-ਅੰਤ ਨਾਂਵ | ਮੂਲ ਰੂਪ (ੀ)<br>ਦੋਖੀ | ਮੂਲ ਰੂਪ (ੀ) ਈ*<br>ਗਿਆਨੀ ਵਡਭਾਗਈ<br>ਏ ਆ*<br>ਵਾਪਾਰੀਏ ਭਾਈਆ | ਮੂਲ ਰੂਪ (ੀ)<br>ਬਾਣੀ | ਆ*<br>ਸਖੀਆ<br>ਮੂਲਰੂਪ(ੀ)*<br>ਸਖੀ |
| (ਉ)-ਅੰਤ ਨਾਂਵ | ਮੂਲ ਰੂਪ(ਉ) ਅ ਇ<br>ਪ੍ਰਿਉ ਪ੍ਰਿਅ ਰਾਮਰਾਇ | ੈ<br>ਭੈ<br>ਕਈ ਵਾਰੀ ਦੋਲਾਵਾਂ ਦੀ ਅਵਾਜ਼ ਲਮਕਾਣ ਲਈ ਪਿਛੇ 'ਇ' ਚਿੰਨ੍ਹ ਦੀ ਵਰਤੋਂ ਕੀਤੀ ਜਾਂਦੀ ਹੈ; ਜਿਵੇਂ (ਸੈਇ) | | |
| (ੁ) ਔਂਕੜ-ਅੰਤ ਨਾਂਵ | ਮੂਲਰੂਪ ੁ<br>ਪਸੁ } ਕਈ ਵਾਰੀ ਔਂਕੜ ਦੀ ਅਵਾਜ਼ ਲਮਕ ਕੇ ਦੁਲੈਂਕੜੇ ਹੋ ਜਾਂਦੀ ਹੈ ।<br>ੂ<br>ਪਸੂ | ੂ<br>ਪਸੂ | ਮੂਲ ਰੂਪ ( ੁ )<br>ਮਲੁ | |

*ਇਹਨਾਂ ਕਾਰਕੀ-ਚਿੰਨ੍ਹਾਂ ਦਾ ਉਚਾਰਣ ਨਾਸਕੀ (ਬਿੰਦੇ ਸਹਿਤ) ਹੁੰਦਾ ਹੈ ।



www.AKJ.Org

ਉਪ੍ਰੋਕਤ ਵੇਰਵੇ ਤੋਂ ਹੇਠ ਲਿਖੇ ਤੱਥ ਸਪੱਸ਼ਟ ਹੁੰਦੇ ਹਨ :—

੧. ਵਿਆਕਰਣਿਕ ਪੱਖ ਤੋਂ ਨਾਂਵ ਸ਼ਬਦ ਕਈ ਵਰਗਾਂ ਦੇ ਹਨ [ਮੁਕਤਾ-ਅੰਤ, ਕੰਨਾ-ਅੰਤ ਆਦਿ]।

੨. ਵਖ ਵਖ ਵਰਗਾਂ ਦੇ ਨਾਂਵ-ਸ਼ਬਦਾਂ ਲਈ ਵਖਰੇ ਵਖਰੇ ਕਾਰਕ-ਚਿੰਨ੍ਹ ਹਨ।

੩. ਪੁਲਿੰਗ ਨਾਵਾਂ ਲਈ ਹੋਰ ਕਾਰਕ-ਚਿੰਨ੍ਹ ਹਨ, ਇਸਤ੍ਰੀ ਲਿੰਗ ਨਾਵਾਂ ਲਈ ਹੋਰ।

੪. ਇਕ-ਵਚਨ ਨਾਵਾਂ ਲਈ ਹੋਰ ਕਾਰਕ ਚਿੰਨ੍ਹ ਹਨ, ਬਹੁ-ਵਚਨ ਨਾਵਾਂ ਲਈ ਹੋਰ।

੫. ਬਹੁ-ਵਚਨ ਨਾਵਾਂ ਦੇ ਕਈ ਕਾਰਕ-ਚਿੰਨ੍ਹ ਨਾਸਕੀ ਹੁੰਦੇ ਹਨ।

੬. ਕਾਵਿ ਵਿਚ ਤੋਲ ਨੂੰ ਬਰਾਬਰ ਰਖਣ ਲਈ ਕਈ ਵਾਰੀ ਲਘੂ ਕਾਰਕ-ਚਿੰਨ੍ਹ ਬਦਲ ਕੇ ਦੀਰਘ ਕਾਰਕ-ਚਿੰਨ੍ਹ ਦਾ ਰੂਪ ਧਾਰ ਲੈਂਦਾ ਹੈ; ਜਿਵੇਂ—

ਔਂਕੜ ਬਦਲ ਕੇ ਦੁਲੈਂਕੜੇ ਹੋ ਜਾਂਦਾ ਹੈ।
ਔਂਕੜ ਬਦਲ ਕੇ ਹੋੜਾ ਹੋ ਜਾਂਦਾ ਹੈ।
ਸਿਹਾਰੀ ਬਦਲ ਕੇ ਲਾਂ ਹੋ ਜਾਂਦੀ ਹੈ।

(੭) ਕਈ ਕਾਰਕ-ਚਿੰਨ੍ਹ ਨਾਂਵ ਸ਼ਬਦ ਦੇ ਅੰਤਲੇ ਅਖਰ ਨਾਲ ਸਹਿਜੇ ਹੀ ਅੜੁੰਗੇ ਜਾਂਦੇ ਹਨ, ਪਰ ਕਈ ਚਿੰਨ੍ਹ ਨਾਂਵ-ਸ਼ਬਦ ਨੂੰ ਪਹਿਲਾਂ ਲਗੀ ਲਗ ਨੂੰ ਹਟਾ ਕੇ ਲਾਏ ਜਾਂਦੇ ਹਨ, ਜਿਵੇਂ —

ਦਾਤਾ = ਦਾਤੇ, ਭਤੀਜਾ = ਭਤੀਜੀ, ਵਣਜਾਰਾ = ਵਣਜਾਰਈਂ,
ਪ੍ਰਿਉ = ਪ੍ਰਿਅ, ਭਉ = ਭੈ

(੮) ਮੁਕਤਾ-ਅੰਤ ਨਾਵਾਂ ਦੇ ਕਰਤਾ ਕਾਰਕ ਵਿਚ ਬਹੁ-ਵਚਨ ਰੂਪ ਨਾਲ ਕਾਰਕ-ਚਿੰਨ੍ਹ ਕੰਨਾ ( ਾ ) ਆਉਂਦਾ ਹੈ। ਜਦੋਂ ਅਜਿਹੇ ਨਾਵਾਂ ਨਾਲ ਕੋਈ ਸਬੰਧਕੀ-ਪਦ (ਲੁਪਤ ਜਾਂ ਪਰਗਟ) ਨਾ ਆਉਂਦਾ ਹੋਵੇ ਤਾਂ ਇਸ ਚਿੰਨ੍ਹ ( ਾ ) ਦਾ ਉਚਾਰਣ ਬਿੰਦੇ-ਰਹਿਤ ਹੁੰਦਾ ਹੈ। ਪਰ ਜਦੋਂ ਨਾਲ ਕੋਈ ਸੰਬੰਧਕੀ-ਪਦ (ਲੁਪਤ ਜਾਂ ਪਰਗਟ) ਹੋਵੇ ਤਾਂ ਇਸ ਚਿੰਨ੍ਹ ਦਾ ਉਚਾਰਣ ਨਾਸਕੀ ਹੁੰਦਾ ਹੈ। [ਵੇਰਵੇ ਲਈ ਮੁਕਤਾ-ਅੰਤ, ਸ਼ਬਦਾਂ ਦਾ ਕਰਤਾ-ਕਾਰਕ ਬਹੁ-ਵਚਨ ਵਾਲਾ ਕਾਂਡ ਦੇਖੋ ਜੀ]। (ਚਲਦਾ)

## ਪਟਿਆਲਾ ਸਾਲਾਨਾ ਬਸੰਤ ਕੀਰਤਨ ਸਮਾਗਮ

*੮ ਤੋਂ ੧੧ ਫ਼ਰਵਰੀ ੧੯੭੯ ਨੂੰ ਹੋ ਰਿਹਾ ਹੈ।*

## ਰੰਧਾਵਾ ਮਸੰਦਾਂ (ਜਲੰਧਰ) ਵਿਖੇ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ

ਭਾਈ ਸ਼ਿੰਗਾਰਾ ਸਿੰਘ ਜੀ ਵਲੈਤ ਵਾਲੇ ਵਲੋਂ ਉਨ੍ਹਾਂ ਦੇ ਨਗਰ ਰੰਧਾਵਾ ਮਸੰਦਾਂ ਜ਼ਿਲਾ ਜਲੰਧਰ ਵਿਖੇ ੧੩ ਜਨਵਰੀ ੧੯੭੯ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋ ਰਹੇ ਹਨ। ਗੁਰੂ ਕੀਆਂ ਸੰਗਤਾਂ ਲਾਭ ਅਤੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ। ਜਲੰਧਰ ਨਵੇਂ ਅਡੇ ਤੋਂ ਪਿੰਡ ਲਈ ਸਿਧੀਆਂ ਬਸਾਂ ਚਲਦੀਆਂ ਹਨ। ੧੩ ਜਨਵਰੀ ਸ਼ਾਮ ਨੂੰ ਭਗਤ ਸਿੰਘ ਚੌਕ ਜਲੰਧਰ ਤੋਂ ਟ੍ਰਕ/ਟ੍ਰਾਲੀ ਚਲੇਗੀ।

ਦਾਸਰਾ—ਸੁਬੇਗ ਸਿੰਘ ਮੰਨਣ (ਜਲੰਧਰ)

## ਜਲੰਧਰ-ਕਪੂਰਥਲਾ ਦੇ ੧੦੧ ਪਿੰਡਾਂ ਦਾ ਕੀਰਤਨ ਪ੍ਰੋਗਰਾਮ

ਮਾਸਟਰ ਗੁਰਬਚਨ ਸਿੰਘ ਜੀ ਪਿੰਡ ਦਿਆਲਪੁਰਾ ਇਤਲਾਹ ਦਿੰਦੇ ਹਨ ਕਿ ਸ਼ਹੀਦ ਸਿੰਘਾਂ ਦੀ ਯਾਦ ਵਿਚ ਪਹਿਲੀ ਜਨਵਰੀ ੧੯੭੯ ਤੋਂ ਜਲੰਧਰ ਤੇ ਕਪੂਰਥਲਾ ਦੇ ੧੦੧ ਪਿੰਡਾਂ ਦਾ ਕੀਰਤਨ ਪ੍ਰੋਗਰਾਮ ਉਲੀਕਿਆ ਗਿਆ ਹੈ। ਪਿੰਡ ਦਿਆਲਪੁਰ ਵਿਖੇ ੭ ਨਵੰਬਰ ੧੯੭੮ ਤੋਂ ਸ਼ਹੀਦ ਸਿੰਘਾਂ ਦੀ ਯਾਦ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪੂਰਨ ਬਾਣੀ ਦੇ ਕੀਰਤਨ ਅਰੰਭ ਹਨ। ਇਲਾਕੇ ਦੀਆਂ ਸੰਗਤਾਂ ਪ੍ਰੋਗਰਾਮਾਂ ਵਿਚ ਪੁਜ ਕੇ ਅਨੰਦ ਮਾਨਣ।



www.AKJ.Org

# ਪੋਥੀ ਕੀਰਤਨ

ਲੜੀ ਜੋੜਨ ਲਈ ਦੇਖੋ 'ਸੂਰਾ' ਅਕਤੂਬਰ ੧੯੭੮ "ਗੁਰਬਾਣੀ ਦਾ ਸਤਕਾਰ"

(੧) 'ਭਗਤਾ ਮੁਖਿ ਅੰਮ੍ਰਿਤੁ ਹੈ ਬਾਨੀ...'* ਗੁਟਕਿਆਂ ਅਤੇ ਪੋਥੀਆਂ ਵਿਚ ਤਾਂ ਬਾਨੀ ਹੈ ਹੀ। ਪਰ ਜਿਥੋਂ ਤੱਕ ਗੁਰਸਿੱਖਾਂ (ਭਗਤਾਂ) ਦਾ ਸਨਬੰਧ ਹੈ ਅੰਮ੍ਰਿਤ ਬਾਣੀ (ਗੁਰਬਾਣੀ) ਉਨ੍ਹਾਂ ਦੇ ਮੁਖ ਤੇ ਹੁੰਦੀ ਹੈ। ਭਾਵ ਕਿ ਗੁਰਬਾਣੀ ਉਨ੍ਹਾਂ ਦੇ ਕੰਠਾਗਰ ਹੋਣ ਕਰਕੇ ਉਨ੍ਹਾਂ ਦੇ ਮੁਖ ਵਿਚ ਵਸੀ ਰਹਿੰਦੀ ਹੈ। ਮੁਖ ਵਿਚ ਗੁਰਬਾਣੀ ਤਦ ਹੀ ਵਸਾਈ ਰੱਖੀ ਜਾ ਸਕੀਦੀ ਹੈ ਜੇ ਗੁਰਬਾਣੀ ਕੰਠ ਹੋਵੇ। ਨਹੀਂ ਤਾਂ ਅੰਮ੍ਰਿਤ ਬਾਣੀ ਭਗਤਾਂ ਦੀਆਂ ਪੋਥੀਆਂ, ਗੁਟਕਿਆਂ ਅਤੇ ਕਾਪੀਆਂ ਵਿਚ ਹੀ ਰਹੇਗੀ, ਮੁਖ ਤੇ ਨਹੀਂ ਆਵੇਗੀ।

(੨) ਗੁਰੂ ਜੀ ਫੁਰਮਾਉਂਦੇ ਹਨ : 'ਅੰਮ੍ਰਿਤ ਬਾਣੀ ਘਟ ਤੇ ਉਚਰਉ ਆਤਮ ਕਉ ਸਮਝਾਵਉ'†। ਅੰਮ੍ਰਿਤ ਬਾਣੀ (ਗੁਰਬਾਣੀ) ਆਪਣੇ ਹਿਰਦੇ ਵਿਚੋਂ (ਘਟ ਤੋਂ) ਭਾਵ ਆਪਣੇ ਅੰਦਰੋਂ ਤਾਂ ਹੀ ਉਚਰੀ ਜਾਏਗੀ ਜੇ ਜ਼ਬਾਨੀ ਕੰਠ ਹੋਵੇਗੀ। ਨਹੀਂ ਤਾਂ ਇਹ ਅੰਮ੍ਰਿਤ ਬਾਣੀ ਪੋਥੀ ਜਾਂ ਕਾਪੀ ਤੋਂ ਹੀ ਉਚਰੀ ਜਾਏਗੀ। ਪਰ ਗੁਰੂ ਜੀ ਦਾ ਹੁਕਮ "ਘਟ ਤੇ" ਉਚਰਨ ਦਾ ਹੈ।

(੩) ਗੁਰਬਾਣੀ ਕੰਠ ਕਰਨੀ ਸਹਿਲਾ ਕੰਮ ਨਹੀਂ ਹੈ, ਤਾਹੀਓਂ ਹੀ ਅਸੀਂ ਪੋਥੀਆਂ ਅਤੇ ਕਾਪੀਆਂ ਦੀ ਸਹਾਇਤਾ ਲੈਂਦੇ ਹਾਂ। ਇਹ ਅੰਮਿਤ ਬਾਣੀ ਉਸ ਵਡਭਾਗੇ ਦੇ ਹੀ ਕੰਠ ਹੋਏਗੀ ਜਿਸ ਉਤੇ ਕਿਰਪਾਲੂ ਸਤਿਗੁਰੂ ਜੀ ਆਪਣੀ ਕਿਰਪਾ ਕਰਨਗੇ। ਯਥਾ : ਅੰਮ੍ਰਿਤ ਬਾਣੀ ਸਤਿਗੁਰ ਪੂਰੇ ਕੀ ਜਿਸੁ ਕਿਰਪਾਲੁ ਹੋਵੈ ਤਿਸੁ ਰਿਦੈ ਵਸੇਹਾ"‡। ਜਦ ਕੰਠਾਗਰ ਬਾਣੀ ਮਨ ਵਿਚ ਵਸ ਕੇ ਆਪਣਾ ਰੰਗੁ ਖਿਲਾਉਂਦੀ ਹੈ ਤਾਂ ਭਗਤ ਜਨ ਇਸ ਦਾ ਅਨੰਦ ਮਾਣਦਾ ਹੋਇਆ ਆਪੇ ਤੋਂ ਬਾਹਰ ਹੋ ਕੇ, ਆਪਣੇ ਗੁਰੂ ਤੋਂ ਕੁਰਬਾਨ ਹੁੰਦਾ ਹੋਇਆ ਇੰਜ ਕਹਿ ਉਠਦਾ ਹੈ : ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ()।

(੪) ਜਿਵੇਂ ਅੰਧੇਰੇ ਵਿਚ ਟਾਰਚ (TORCH) ਦਾ ਚਾਨਣ ਉਸ ਨੂੰ ਹੀ ਪ੍ਰਾਪਤ ਹੁੰਦਾ ਹੈ ਜਿਸ ਦੇ ਪਾਸ ਟਾਰਚ ਹੋਵੇ। ਅਲਮਾਰੀ ਵਿਚ ਪਈ ਹੋਈ ਟਾਰਚ ਕੰਮ ਨਹੀਂ ਆਉਂਦੀ। ਇਸੇ ਪ੍ਰਕਾਰ ਹੀ ('ਗੁਰਬਾਣੀ ਇਸੁ ਜਗ ਮਹਿ ਚਾਨਣੁ'*) ਇਸ ਜਗਤ ਵਿਚ ਉਹੀ ਜਨ ਗੁਰਬਾਣੀ ਤੋਂ ਚਾਨਣ ਪ੍ਰਾਪਤ ਕਰ ਸਕੇਗਾ, ਭਾਵ ਕਿ ਗੁਰਬਾਣੀ ਦੀ ਦੱਸੀ ਸੇਧ ਅੰਦਰ ਚਲ ਸਕੇਗਾ, ਜਿਸ ਦੇ, ਗੁਰੂ ਕਿਰਪਾ ਦਵਾਰਾ ਗੁਰਬਾਣੀ ਕੰਠਾਗਰ ਹੋਵੇਗੀ ਅਤੇ ਇਸ ਨੂੰ ਹਰ ਸਮੇਂ ਹਰ ਹਾਲਤ ਵਿਚ ਇਸ ਦੀ ਆਪਣੀ ਯਾਦ-ਦਾਸਤ ਰਾਹੀਂ ਇਸ ਦੀ ਅਗਵਾਈ ਕਰੇਗੀ। ਜਦ ਇਸ ਪ੍ਰਕਾਰ ਗੁਰੂ ਕਿਰਪਾ ਦਵਾਰਾ ਜਗਿਆਸੂਆਂ ਦੇ ਅੰਦਰ ਗੁਰਬਾਣੀ ਦਾ ਵਰਤਾਰਾ ਵਰਤੇਗਾ ਤਾਂ ਆਪਣੇ ਆਪ ਹੀ ਇਸ ਵਰਤਾਰੇ ਵਿਚੋਂ ਹਰਿਨਾਮ ਦੀ ਪ੍ਰਾਪਤੀ ਹੋ ਜਾਏਗੀ। ਐਨ ਇਸ ਪਰਥਾਇ ਸਾਹਿਬਾਂ ਦਾ ਫੁਰਮਾਨ ਹੈ :—ਗੁਰਬਾਣੀ "ਵਰਤੀ ਜਗ ਅੰਤਰਿ ਇਸੁ ਬਾਣੀ ਤੇ ਹਰਿਨਾਮੁ ਪਾਇਦਾ'‡। ਤਾਹੀਓਂ ਹੀ ਪੰਚਾਂ ਦੀ ਸੇਵਾ ਵਾਸਤੇ ਅਜਿਹੇ ਸਿੰਘ ਚੁਣੇ ਜਾਂਦੇ ਹਨ ਜਿਨ੍ਹਾਂ ਦੇ ਪੰਜੇ ਬਾਣੀਆਂ ਕੰਠ ਹੋਵਣ। ਪੰਚਾਂ ਨੇ ਕਦੇ ਭੀ ਪੋਥੀ ਦੀ ਸਹਾਇਤਾ ਨਹੀਂ ਲਈ।

(੫) ਤਾਂ ਤੇ ਸਭਨਾਂ ਗੁਰਸਿਖਾਂ ਨੂੰ, ਭਾਵੇ

---

* ਮਾਰੂ ਸੋਲਹੇ ਮ: ੪, ॥੧੩॥ ਪੰਨਾ ੧੦੬੯
† ਧਨਾਸਰੀ ਨਾਮਦੇਵ ਜੀ, ॥੪॥੨॥ ਪੰਨਾ ੬੯੩
‡ ਮ: ੫, ਵਾਰ ਰਾਮਕਲੀ, ॥੨॥(੭)॥ ਪੰਨਾ ੯੬੧

() ਮਾਝ ਮ: ੩, ॥ਰਹਾਉ॥੧੫॥੧੬॥ ਪੰਨਾ ੧੧੮
* ਸਿਰੀਰਾਗ ਮ: ੩, ॥੧॥(੫॥੨੨) ਪੰਨਾ ੬੭
‡ ਮਾਰੂ ਮ: ੩, ॥੩॥ ਪੰਨਾ ੧੦੬੬



www.AKJ.Org

ਕੀਰਤਨੀਏ ਹੋਣ ਅਤੇ ਭਾਵੇਂ ਸਰੋਤੇ, ਜ਼ਿਆਦਾ ਤੋਂ ਜ਼ਿਆਦਾ ਗੁਰਬਾਣੀ ਕੰਠ ਕਰਨੀ ਚਾਹੀਦੀ ਹੈ। ਕੀਰਤਨ ਕਰਨ ਵਾਲੇ ਸਿੰਘਾਂ ਜਾਂ ਬੀਬੀਆਂ ਲਈ ਲਿਖਤੀ ਬਾਣੀ ਦਾ ਸਹਾਰਾ ਲੈਣਾ ਇਕ ਡਾਢੀ ਘਾਟ ਦਾ ਸੂਚਕ ਹੈ।

ਜੇ ਬੱਚੇ-ਕੀਰਤਨੀਏ ਪੋਥੀ ਦੀ ਸਹਾਇਤਾ ਦੀ ਲੋੜ ਮਹਿਸੂਸ ਕਰਨ ਤਾਂ ਇਹ ਕਾਬਲੇ ਬਰਦਾਸ਼ਤ ਹੈ। ਪਰ ਵਡੇਰੀ ਉਮਰ ਵਾਲੇ ਕੀਰਤਨੀਆਂ ਲਈ ਲਿਖਤੀ ਗੁਰਬਾਣੀ ਦਾ ਸਹਾਰਾ ਟੋਲਣਾ ਅਤੇ ਗੁਰਬਾਣੀ ਦੇ ਪੱਤਰਿਆਂ ਨੂੰ ਏਧਰੋਂ ਓਧਰ ਅਤੇ ਓਧਰੋਂ ਏਧਰ ਪ੍ਰਮਾਣੀਕ ਸ਼ਬਦ ਦੀ ਤਲਾਸ਼ ਵਿਚ ਛੇਤੀ ਛੇਤੀ ਥੱਲ੍ਹੀ ਜਾਣਾ ਬੜੀ ਤਰਸ ਯੋਗ ਹਾਲਤ ਦਾ ਦ੍ਰਿਸ਼ ਹੈ। ਅਤੇ ਇਹ ਮਨ ਦੀ ਚੰਚਲਤਾ ਦਾ ਪ੍ਰਗਟਾਵਾ ਹੈ।

(੬)ਇਹ ਜ਼ਰੂਰੀ ਨਹੀਂ ਕਿ ਹਰ ਇਕ ਕੀਰਤਨੀਆ ਅੱਠ ਜਾਂ ਦਸ ਸ਼ਬਦਾਂ ਦਾ ਕੀਰਤਨ ਕਰ ਕੇ ਹੀ ਉੱਠੇ। ਇੱਕ ਜਾਂ ਦੋ ਸ਼ਬਦਾਂ ਦਾ ਹੀ ਕੀਰਤਨ ਬੇਅੰਤ ਹੈ। ਪਰ ਹੋਣਾ ਮਨ ਦੇ ਟਿਕਾਅ ਅਤੇ ਸਰੀਰ ਦੇ ਟਿਕਾਅ ਵਿਚ ਚਾਹੀਦਾ ਹੈ। ਜੇ ਪੋਥੀ ਦੀ ਸਹਾਇਤਾ ਦੀ ਥੋੜੀ ਲੋੜ ਭਾਸੇ ਤਾਂ ਗੁਰਬਾਣੀ ਦੀ ਪੋਥੀ ਜਾਂ ਕਾਪੀ ਨੂੰ ਕਿਸੇ ਰੀਲ ਉੱਤੇ, ਸਵੱਛ ਰੁਮਾਲਾ ਵਿਛਾਅ ਕੇ ਇਕ ਹੋਰ ਸਹਾਇਕ ਦੀ ਮਦਦ ਨਾਲ, ਪੋਥੀ ਜਾਂ ਕਾਪੀ ਦਾ ਪ੍ਰਕਾਸ਼ ਕਰ ਲੈਣਾ ਚਾਹੀਦਾ ਹੈ।

ਪਰਬੰਧਕ ਸੱਜਣਾਂ ਨੂੰ ਵੱਡਿਆਂ ਸਮਾਗਮਾਂ ਵਿਚ ਉਪਰ ਦਰਸਾਈ ਸੇਧ ਨੂੰ ਮੁਖ ਰੱਖ ਕੇ ਕੀਰਤਨ-ਸਮਾਗਮਾਂ ਦੀ ਕਾਰਵਾਈ ਨਿਭਾਉਣੀ ਚਾਹੀਦੀ ਹੈ। ਅਤੇ ਜ਼ਿਆਦਾ ਤੋਂ ਜ਼ਿਆਦਾ ਬਾਣੀ ਕੰਠ ਕਰਨ ਤੇ ਸਮਾਂ ਲਾਉਣਾ ਚਾਹੀਦਾ ਹੈ। ਗੁਰਬਾਣੀ ਦੀਆਂ ਤੁਕਾਂ ਇਸ ਸਫਾਈ ਅਤੇ ਠਰ੍ਹੰਮੇ ਨਾਲ ਉਚਾਰੀਆਂ ਜਾਣ ਕਿ ਸਰੋਤੇ ਜਨਾਂ ਨੂੰ ਸਾਫ ਸਮਝ ਆ ਸਕਣ ਅਤੇ ਸਰੋਤਿਆਂ ਨੂੰ ਪੋਥੀ ਵੇਖਣ ਦੀ ਲੋੜ ਨਾ ਭਾਸੇ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)
ਕੇਂਦਰੀ ਦਫ਼ਤਰ, ਅਖੰਡ ਕੀਰਤਨੀ ਜਥਾ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

---

## ਪਜੋ ਦਿਉਤਾ ਵਿਖੇ ਗੁਰਮਤਿ ਸ਼ਮਾਗਮ

ਭਾਈ ਮਹਿੰਦਰ ਸਿੰਘ ਨਿਹੰਗ ਸਿੰਘ ਤੇ ਭਾਈ ਮਹਾਂਬੀਰ ਸਿੰਘ ਇਤਲਾਹ ਦਿੰਦੇ ਹਨ ਕਿ ੨੬ ਤੋਂ ੨੮ ਜਨਵਰੀ ੧੯੭੯ ਸ੍ਰੀ ਅਖੰਡਪਾਠ ਅਤੇ ਕੀਰਤਨ ਸਮਾਗਮ ਪਿੰਡ ਪਜੋ ਦਿਉਤਾ ਵਿਖੇ ਹੋ ਰਹੇ ਹਨ। ਅਤੇ ਸ਼ਸਤਰ ਵਿਦਿਆ ਦਾ ਵੀ ਅਭਿਆਸ ਹੋਵੇਗਾ। ਗੁਰੂ ਕੀਆਂ ਲਾਡਲੀਆਂ ਫੌਜਾਂ ਪੁਜ ਕੇ ਅਨੰਦ ਮਾਣਨ। ਪਿੰਡ ਪਜੋ ਦਿਉਤਾ ਲਈ ਬਸਾਂ ਤੇ ਟੈਂਪੂ ਆਮ ਮਿਲ ਜਾਂਦੇ ਹਨ ਅਤੇ ਭੋਗਪੁਰ—ਬੁਲੋਵਾਲ ਸੜਕ ਉਤੇ ਭੋਗਪੁਰ ਤੋਂ ਪੰਜ ਮੀਲ ਹੈ।

## ਸ਼ਬਦਾਰਥ ਪੋਥੀਆਂ

ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸ਼ਬਦਾਰਥ ਪੋਥੀਆਂ ਕਈ ਸਾਲਾਂ ਤੋਂ ਨਹੀਂ ਮਿਲਦੀਆਂ। ਹੁਣ ਸ਼੍ਰੋਮਣੀ ਕਮੇਟੀ ਨੇ ਛਾਪਣੀਆਂ ਅਰੰਭ ਦਿਤੀਆਂ ਹਨ। ਸੰਗਤਾਂ ਅਜੇ ਕੁਝ ਚਿਰ ਉਡੀਕ ਕਰਨ।

## ਕੈਨੇਡਾ ਤੋਂ ਕੀਰਤਨ ਦੀਆਂ ਟੇਪਾਂ

ਮੰਗਾਣ ਲਈ ਸਜਣ ਜਨ ਚਿਠੀ ਪੱਤਰ ਸਿਧੀ ਭਾਈ ਸਾਹਿਬ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਨਾਲ ਕਰਨ। ਉਨ੍ਹਾਂ ਦਾ ਐਡਰੈਸ ਹੈ— hai Jiwan Singh, 4818-WINDSOR STREET,
VANCOUVER-B.C. Canada



www.AKJ.Org

# ਗੁਰਮਤਿ ਪਰਚਾਰ

ਸਿਖੀ ਦੀ ਸਰਬੋਤਮ ਸੇਵਾ ਹੈ ਨਾਮ ਜਪਣਾ ਅਤੇ ਜਪਾਣਾ। ਖ਼ੁਦ ਨਾਮ ਜਪਣ ਨਾਲ ਆਤਮਿਕ ਅਨੰਦ ਖਿੜਦਾ ਹੈ, ਜੀਵਨ ਹੁਲਾਸ ਤੇ ਵਿਗਾਸ ਵਿਚ ਰਹਿੰਦਾ ਹੈ। ਨਾਮ ਜਪਾਣ-ਮੇਈ ਸੇਵਾ ਕਰਨ ਨਾਲ ਸਮਾਜ ਸੁਧਰਦਾ ਹੈ, ਆਲਾ ਦੁਆਲਾ ਸੁਖਾਵਾਂ ਤੇ ਪਵਿਤ੍ਰ ਹੁੰਦਾ ਹੈ। ਮਨੁੱਖਤਾ ਮੌਲਦੀ ਹੈ, ਅੰਦਰਲੀਆਂ ਪਸ਼ੂ-ਬਿਰਤੀਆਂ ਦਾ ਅਭਾਵ ਹੋ ਜਾਂਦਾ ਹੈ ਅਤੇ ਉਹਨਾਂ ਦੀ ਥਾਵੇਂ ਜੀਵਾਂ ਅੰਦਰ ਸਤ, ਸੰਤੋਖ, ਧੀਰਜ, ਨਿੰਮ੍ਰਤਾ ਤੇ ਪਰਉਪਕਾਰ ਦੇ ਸ੍ਰੇਸ਼ਟ ਗੁਣ ਪਰਵੇਸ਼ ਆ ਕਰਦੇ ਹਨ। ਇਸ ਤਰ੍ਹਾਂ ਧਰਤੀ ਤੇ ਹਲੇਮੀ-ਰਾਜ ਦਾ ਬਾਨ੍ਹਣੂ ਬਝਦਾ ਹੈ। ਤਾਂ ਹੀ ਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ :

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥੨॥(੧੧)
[ਮ: ੪ ਗਉੜੀ ਕੀ ਵਾਰ, ਪੰਨਾ ੩੦੬

ਧਰਮ ਪਰਚਾਰ, ਸਮੇਂ ਦੀ ਸਭ ਵਡੀ ਵੰਗਾਰ ਹੈ। ਧਰਮ ਤੋਂ ਤੇ ਧਰਮ-ਪਰਚਾਰ ਤੋਂ ਅਵੇਸਲੇ ਹੋ ਕੇ ਅਸੀਂ ਧੱਕੇ ਖਾ ਰਹੇ ਹਾਂ। ਸਤਿਗੁਰਾਂ ਦੀ ਧਰਤੀ—ਪੰਜਾਬ—ਵਿਚ ਪਤਿਤਪੁਣੇ ਦਾ ਅਤੇ ਨਸ਼ਿਆਂ ਦੇ ਸੇਵਨ ਕਰਨ ਦਾ ਹੜ ਆ ਗਿਆ ਹੈ। ਸਾਡੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕ ਧਰਮਸਾਲ ਦਾ ਧਾਨ ਖਾ ਕੇ ਘੂਕ ਸੁਤੇ ਪਏ ਹਨ। ਅਖਾਣ ਹੈ :—

ਧਰਮਸਾਲ ਦੇ ਹਲਵੇ ਮੰਡੇ ਤਿੰਨ ਕੰਮ ਕਰੇਨ।
ਹਡ ਗਾਲਣ, ਮਤਿ ਮਾਰਣ, ਉਦਮ ਕਰਨ ਨ ਦੇਣ।

ਅਜਿਹੀ ਹਾਲਤ ਵਿਚ ਕਿਸੇ ਹੋਰ ਤੋਂ ਧਰਮ ਪਰਚਾਰ ਦੀ ਆਸ ਰਖ ਕੇ ਆਪ ਅਵੇਸਲੇ ਹੋ ਜਾਣਾ ਇਕ ਵਡੀ ਭੁਲ ਹੈ। ਧਰਮ ਪਰਚਾਰ ਦੀ ਜ਼ਿਮੇਂਵਾਰੀ ਹਰੇਕ ਸਿਖ ਦੇ ਮੋਢਿਆਂ ਤੇ ਗੁਰੂ ਨੇ ਰਖੀ ਹੈ। ਹਰ ਸਿਖ ਪਰਚਾਰਕ ਹੈ। ਇਹ ਸਮਾਂ ਸਿਖੀ ਲਈ ਐਮਰਜੈਂਸੀ ਦਾ ਸਮਾਂ ਹੈ। ਸਿਖੀ ਨੂੰ ਅੰਦਰੋਂ ਬਾਹਰੋਂ ਢਾਹ ਲਗੀ ਹੋਈ ਹੈ। ਇਸ ਮਾਰੂ ਢਾਹ ਨੂੰ ਠਲ੍ਹ ਪਾਉਣ ਦਾ ਕੇਵਲ ਇਕੋ ਇਕ ਸਫਲ ਉਪਰਾਲਾ ਹੈ, ਉਹ ਇਹ ਕਿ ਭਾ: ਸਾ: ਭਾ: ਰਣਧੀਰ ਸਿੰਘ ਜੀ ਵਾਂਗ ਗਲ ਵਿਚ ਵਾਜੇ ਜੋੜੀਆਂ ਪਾ ਕੇ ਨਿਸ਼ਕਾਮ ਭਾਵਨਾ ਨਾਲ ਪਿੰਡ-ਪਰ-ਪਿੰਡ ਗੁਰੂ ਦਾ ਸੰਦੇਸ਼ ਪੁਚਾਇਆ ਜਾਵੇ ਤੇ ਅੰਮ੍ਰਿਤ-ਪ੍ਰਚਾਰ ਦੁਆਰਾ ਆਤਮਿਕ ਜਾਗ ਲਾ ਕੇ ਕੌਮ ਨੂੰ ਸੁਰਜੀਤ ਕੀਤਾ ਜਾਵੇ।

ਇਸ ਕਾਰਜ ਲਈ ਅਖੰਡ ਕੀਰਤਨੀ ਜਥੇ ਦਾ ਚਲਦਾ ਵਹੀਰ ਪਿਛਲੇ ਦੋ ਮਹੀਨਿਆਂ ਤੋਂ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲੇ ਵਿਚ ਗੁਰਬਾਣੀ ਕੀਰਤਨ ਅਤੇ ਅੰਮ੍ਰਿਤ-ਪਰਚਾਰ ਰਾਹੀਂ ਸੇਵਾ ਕਰ ਰਿਹਾ ਹੈ। ਇਸ ਵਹੀਰ ਵਿਚ ਕਈ ਗੁਰੂ ਕੇ ਲਾਲ ਆਪਣੇ ਕੰਮਾਂ ਕਾਰਾਂ ਵਿਚੋਂ ਸਮਾਂ ਕਢ ਕੇ, ਦਫਤਰਾਂ ਤੋਂ ਛੁੱਟੀਆਂ ਲੈ ਕੇ ਸੇਵਾ ਕਰ ਰਹੇ ਹਨ। ਹੋਰ ਵੀ ਗੁਰੂ ਕੇ ਪਿਆਰਿਆਂ ਕੀਰਤਨੀਆਂ ਦੀ ਸੇਵਾ ਵਿਚ ਪ੍ਰੇਰਨਾ-ਮੇਈ ਬੇਨਤੀ ਹੈ ਕਿ ਆਪਣੇ ਦਫਤਰਾਂ ਵਿਚੋਂ ਛੁੱਟੀਆਂ ਲੈ ਕੇ ਇਸ ਮਹਾਨ ਅਤੇ ਅਤਿ ਲੋੜੀਂਦੇ ਕਾਰਜ ਲਈ ਸਮਾਂ ਕਢਣ ਅਤੇ ਆਪਣਾ ਯੋਗ ਦਾਨ ਦੇ ਕੇ ਜਨਮ ਸਫਲਾ ਕਰਨ।

ਹੋਰ ਜ਼ਿਲਿਆਂ ਤੇ ਪ੍ਰਾਂਤਾਂ ਵਿਚ ਵੀ ਅਜਿਹੇ ਪ੍ਰੋਗਰਾਮ ਚਲਾਏ ਜਾਣ ਦੀ ਲੋੜ ਹੈ। ਥੋੜਾ ਜਿਹਾ ਉਦਮ ਕਰਨ ਦੀ ਲੋੜ ਹੈ। ਗੁਰੂ ਅੰਗ ਸੰਗ ਹਨ। ਸਤਿਗੁਰਾਂ ਵਲੋਂ ਦਿਤਾ ਦਿਲਾਸਾ ਇਸ ਪ੍ਰਕਾਰ ਹੈ :—

ਖਾਲਸਾ ਮੇਰਾ ਮੁਖ ਹੈ ਅੰਗਾ ॥
ਖਾਲਸੇ ਕੇ ਹਉ ਸਦ ਸਦ ਸੰਗਾ ॥

ਖਾਲਸਾ ਜੀ ਦਾ ਸੇਵਾਦਾਰ—
ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਅੰਮ੍ਰਿਤਸਰ

---

## ਪਿੰਡ ਗਿਲ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਬਖ਼ਸ਼ੀਸ਼ ਸਿੰਘ ਜੀ ਇੰਗਲੈਂਡ ਵਾਲੇ ਇਤਲਾਹ ਦਿੰਦੇ ਹਨ ਕਿ ਉਨ੍ਹਾਂ ਦੇ ਪਿੰਡ ਗਿਲ ਜ਼ਿਲਾ ਜਲੰਧਰ ਵਿਖੇ ੨੦ ਜਨਵਰੀ ੧੯੭੯ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਲਈ ਜਲੰਧਰ ਮੇਨ ਬਸ ਸਟੈਂਡ ਤੋਂ ਸ਼ਾਮ ਨੂੰ ਟ੍ਰਾਲੀ ਜਾ ਟ੍ਰਕ ਚਲੇਗਾ।



www.AKJ.Org

# ਪਾੜ ਕੇ ਬਿਦਾਵਿਆਂ ਨੂੰ ਗਲ ਲਾਏਂ ਵਿਛੜਿਆਂ ਨੂੰ

[ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿਤਰ ਮਾਲਬ, ਗੁੜਗਾਉਂ]

ਸੋਹਣੇ ਦਸਮੇਸ਼ ! ਪੜ੍ਹ ਪੜ੍ਹ ਇਤਿਹਾਸ ਤੇਰਾ, ਉਮਡਦੇ ਨੇ ਦਿਲੀ ਜਜ਼ਬਾਤ, ਕਲਮ ਨੱਚਦੀ।
ਲਖਾਂ ਪੀਰ ਵਲੀ ਆਏ ਜੱਗ ਤੇ ਜੁਝਾਰ ਜੋਧੇ, ਕੋਈ ਵੀ ਮਿਸਾਲ ਨ ਦਲੀਲ ਨੂੰ ਹੈ ਜੱਚਦੀ।
ਪੁਰਖ ਤੂੰ ਮਹਾਨ, ਤੇਰੀ ਆਸ਼ਾ ਬਲਵਾਨ, ਤੇਰੇ ਹੱਥ ਕਿਰਪਾਨ ਸੀ, ਨਹੀਂ ਸੀ ਵੰਗ ਕੱਚ ਦੀ।
ਮੁਗਲ ਸਮਰਾਟ ਬਾਈਧਾਰ ਦੇ ਮੁਕਾਬਲੇ ਤੇ, ਜਿਵੇਂ ਖੜਾ ਹੋ ਗਇਓਂ ਤੂੰ ਲੈ ਕੇ ਓਟ ਸੱਚ ਦੀ।੧।
ਮੁਗਲਾਂ ਪਠਾਣਾਂ ਦੀਆਂ ਬੈਠਕਾਂ 'ਚ ਚਲਦੀਆਂ ਸੀ, ਦਿਨੇ ਰਾਤ ਤੇਰੇ ਬਾਹੂ-ਬਲ ਦੀਆਂ ਕਹਾਣੀਆਂ।
ਜੰਮੇ ਹੋਏ ਖ਼ੂਨ ਬੋਲਾਂ ਤੇਰਿਆਂ ਨੇ ਗਰਮ ਕੀਤੇ, ਤੇਗਾਂ ਸੀ ਫੜਾਈਆਂ ਹਥੀਂ ਬਾਵਿਆਂ ਤੇ ਬਾਣੀਆਂ।
ਭਰ ਰਿਹਾ ਏ ਸਾਖ ਤੇਰੇ ਦਲ ਦੀਆਂ ਦਲੇਰੀਆਂ ਦੀ,ਚੜਤਲਾਂ ਜੋ ਵੇਖੀਆਂ ਸੀ ਸਤਲੁਜ ਦਿਆਂ ਪਾਣੀਆਂ।
ਰੂਪ ਤੇਰਾ ਵੇਖ ਵੇਖ ਵਾਰੇ ਵਾਰੇ ਜਾਂਦੀਆਂ ਸੀ, ਜੋਬਨ ਦੀਆਂ ਮੱਤੀਆਂ ਤੇ ਰੂਪ ਦੀਆਂ ਰਾਣੀਆਂ।੨।
ਜਨਮ ਜਨਮਾਂਤਰਾਂ ਦੇ ਪੈਂਡਿਆਂ ਨੂੰ ਝਾਗ ਕੇ ਜੋ, ਆਏ ਦਰਬਾਰ ਤੇਰੇ ਤਾਲਬ ਦੀਦਾਰ ਦੇ।
ਵੇਖ ਕੇ ਜਮਾਲ ਤੇ ਜਲਾਲ ਕੁਰਬਾਨ ਹੋਏ, ਚੁੱਕ ਚੁੱਕ ਅਖੀਆਂ ਉਤਾਹਾਂ ਸੀਨੇ ਠਾਰਦੇ।
ਨੈਣਾਂ ਦੇ ਅਮੋਘ ਬਾਣ ਲੱਗੇ ਜਿਨ੍ਹਾਂ ਸੀਨਿਆਂ 'ਚ, ਬਣ ਗਏ ਸਦਾ ਲਈ ਸੇਵਕ ਦਰਬਾਰ ਦੇ।
'ਨੰਦ ਲਾਲ' ਵਰਗਿਆਂ ਨੂੰ ਜਿਹਾ ਸਰਸ਼ਾਰ ਕੀਤਾ, ਉਮਡ ਆਏ ਸੀਨੇ ਵਿਚ ਸਾਗਰ ਪਿਆਰ ਦੇ।੩।
ਦਿਲਾਂ ਦੀਆਂ ਜਾਣਦਾ ਸੈਂ, ਪੀੜਾਂ ਪਹਿਚਾਣਦਾ ਸੈਂ, ਨਾਮ ਦਾਰੂ ਦੇਣ ਵਾਲਾ ਵੱਡਾ ਸੈਂ ਤਬੀਬ ਤੂੰ।
ਪਾੜ ਕੇ ਬਿਦਾਵਿਆਂ ਨੂੰ ਗਲ ਲਾਏਂ ਵਿਛੜਿਆਂ ਨੂੰ,ਦਰਦੀ ਦਿਲਾਂ ਦਾ ਤੇ ਹਿਤੈਸ਼ੀ ਸੈਂ ਹਬੀਬ ਤੂੰ।
ਕੀਤਾ ਸੁਰਜੀਤ ਸੁਰਤਾਂ ਸੁੱਤੀਆਂ ਨੂੰ ਛੱਟੇ ਮਾਰ, ਸੁੱਤੇ ਸੀ ਜਗਾਏ ਜਨਮ ਜਨਮ ਦੇ ਨਸੀਬ ਤੂੰ।
ਤੇਰੇ ਦਰ ਹੋਏ ਪਰਵਾਨ ਪਰਧਾਨ ਬਣੇ 'ਮਿੱਤਰ' ਜੋ ਉਠਾ ਕੇ ਅੰਗ ਲਾਏ ਸੀ ਗਰੀਬ ਤੂੰ।੪।

# ਸਿੱਖੀ ਦਾ ਬੂਟਾ

[ਵਲੋਂ--ਸ: ਪਿਆਰਾ ਸਿੰਘ ਜੀ 'ਨਿਰਛਲ', ਗਲੀ ਭਗਤ ਸਿਘ ਪੁਰਾ, ਅੰਮ੍ਰਿਤਸਰ]

ਜਿਉਂ ਜਿਉਂ ਛਾਂਗਿਆ, ਇਹ ਬੂਟਾ,
ਇਹਦੀ ਛਾਂ ਦੂਣੀ ਹੋਈ,
ਜੜ੍ਹਾਂ ਇਹਦੀਆਂ 'ਚ ਕਿਸੇ, ਰੱਤ ਪੁਤਰਾਂ ਦੀ ਚੋਈ।
ਜਿਉਂ ਜਿਉਂ... ...

ਗੁਰੂ ਨਾਨਕ ਨੇ ਕੀਤੀ ਇਸ ਬੂਟੇ ਦੀ ਬਿਆਈ,
ਫੇਰ ਪੰਜਵੇਂ ਗੁਰੂ ਨੇ, ਖਾਦ ਚਰਬੀ ਦੀ ਪਾਈ।
ਮਿੱਟੀ ਏਸ ਦੇ ਦੁਆਲੇ, ਸ਼ਹੀਦਾਂ ਲਹੂ ਡੋਲ੍ਹ ਗੋਈ।
ਜਿਉਂ ਜਿਉਂ... ...

ਕਈ ਵਾਰੀ ਮੀਰ ਮੰਨੂੰ ਇਹਨੂੰ ਵਢਿਆ ਮੁਕਾਇਆ,
ਜਿਉਂ ਜਿਉਂ ਵਢਿਆ ਇਹ ਬੂਟਾ,
ਜੋਬਨ ਇਹਦੇ ਉਤੇ ਆਇਆ।
ਇਹਦੇ ਝਾੜੇ ਜਿਸ ਫੁੱਲ, ਬੇੜੀ ਆਪਣੀ ਡਬੋਈ।
ਜਿਉਂ ਜਿਉਂ... ...

ਭਾਵੇਂ ਬਿਜਲੀਆਂ ਗਿਰਾਈਆਂ ਇਸ ਤੇ ਸੱਤਾਂ ਅਸਮਨਾਂ
ਕੀਤਾ ਏਸ ਨੂੰ ਵਿਰਾਨ, ਬੜਾ ਝੱਖੜਾਂ ਤੁਫਾਨਾਂ।
ਇਹਦੇ ਝੜ ਕੇ ਵੀ ਫੁੱਲਾਂ, ਸਗੋਂ ਵੰਡੀ ਖ਼ੁਸ਼ਬੋਈ।
ਜਿਉਂ ਜਿਉਂ... ...

ਰਾਖੀ ਏਸ ਦੀ ਹੈ ਕੀਤੀ, ਕਈ ਦੁਖੜੇ ਸਹਾਰੇ,
ਇਹਦੇ ਆਸ਼ਕਾਂ ਫਿਰਾਏ, ਹੱਸ ਸਿਰਾਂ ਉਤੇ ਆਰੇ,
ਪੀਤੇ ਪੀੜਾਂ ਦੇ ਪਿਆਲੇ, ਪੀੜ ਰਤਾ ਵੀ ਨਾ ਹੋਈ।
ਜਿਉਂ ਜਿਉਂ... ...

ਕਈ ਚਰਖੀਆਂ ਤੇ ਚੜ੍ਹੇ, ਕਈ ਜੰਗ ਵਿਚ ਲੜੇ,
ਸਿਰ ਦੀ ਖੋਪਰੀ ਲੁਹਾਈ,
'ਨਿਰਛਲ' ਦੇਗਾਂ ਵਿਚ ਕੜ੍ਹੇ।
ਇਸ ਤੇ ਆਉਣ ਨਾ ਖ਼ਿਜਾਵਾਂ,
ਜਾਨ ਦੁੱਖਾਂ ਚਿ ਪ੍ਰੋਈ।
ਜਿਉਂ ਜਿਉਂ... ...



www.AKJ.Org

# ਸ਼ਹੀਦੀ ਫ਼ੰਡ–ਹਿਸਾਬ ਕਿਤਾਬ ਦਾ ਚਿੱਠਾ

'ਸੂਰਾ' ਦਸੰਬਰ ਵਿਚ ਦਿਤੇ ਹਿਸਾਬ ਤੋਂ ਅਗੇ ਹੇਠ ਲਿਖੇ ਅਨੁਸਾਰ ਹਿਸਾਬ ਹੈ—

## ਆਮਦਨ

| | |
|---|---|
| ਬੀਬੀ ਤਾਰਾ ਵਤੀ ਜੀ ਦਿਲੀ | ੫੦-੦ |
| ਗਿ: ਹਰਬੰਸ ਸਿੰਘ ਮਹਿਤਾ, ਮੰਗਰੂਲ (ਨਾਸਕ) | ੩੧-੦ |
| ਸ: ਹਰਭਜਨ ਸਿੰਘ ਬਜਾਜ, ਫੂਲ ਬੰਗਲਾ (ਧਨਬਾਦ) | ੨੬-੦ |
| ਬੀਬੀ ਬਲਵੰਤ ਕੌਰ ਜੀ, ਡਰਬੀ ਯੂ. ਕੇ. | ੧੫੮-੨੦ |
| ਸ: ਅਜੀਤ ਸਿੰਘ ਜੀ, ਡਰਬੀ ,, | ੯੭-੪੮ |
| ਸ: ਪ੍ਰੇਮ ਸਿੰਘ ਜੀ ਜੰਡਿਆਲਾ ਗੁਰੂ | ੧੦੦-੦ |
| ਸ: ਸੁਰਿੰਦਰ ਸਿੰਘ ਜੀ ਕੋਟਾ | ੨੫-੦ |
| ਸ: ਗੁਰਚਰਨ ਸਿੰਘ ਸਟੈਨੋ ਮਾਤਾ ਦੀ ਯਾਦ ਵਿਚ | ੩੨-੪੨ |
| Sgt. ਪ੍ਰੇਮ ਸਿੰਘ, ਤ੍ਰਿਲੋਕ ਸਿੰਘ, ਬਲਵੰਤ ਸਿੰਘ ਕੁਲਵੰਤ ਸਿੰਘ, ਕਸ਼ਮੀਰ ਸਿੰਘ | ੧੦੧-੦ |
| ਸ: ਦਰਸ਼ਨ ਸਿੰਘ ਤੇ ਸੁਭਾਸ਼ ਚੰਦਰ ਜੀ ਮਕਤ ਬਠਿੰਡਾ | ੧੬੦-੦ |
| ਸ: ਤ੍ਰਿਲੋਚਨ ਸਿੰਘ ਜੀ ਸੋਨੀਪਤ | ੧੦੦-੦ |
| ਸਿਖ ਮਿਸ਼ਨਰੀ ਸੁਸਾਇਟੀ ਯੂ. ਕੇ, ਗ੍ਰੇਵਜ਼ੈਂਡ | ੧੫੯-੮੦ |
| ਸ: ਗੁਰਬਖਸ਼ ਸਿੰਘ ਜੀ ਸਿਵੀਆ ,, ,, | ੧੦੯-੮੦ |
| ਭਾਈ ਖਜ਼ਾਨ ਸਿੰਘ ਜੀ ਕੋਟਾ | ੩੫੦-੦ |
| ਭਾਈ ਭਜਨ ਸਿੰਘ ਜੀ ਕੋਟਾ | ੫੦-੦ |
| ਮੇਜਰ ਕੇ. ਐਸ. ਭੱਠਲ, ਲੁਧਿਆਣਾ | ੧੦੦-੦ |
| ਭਾ: ਸੁਰਜਨ ਸਿੰਘ, ਬਲਬੀਰ ਸਿੰਘ, ਜਗਮੋਹਨ ਸਿੰਘ ਚੰਚਲ ਮੋਟਰਜ਼, ਭਾ: ਕੁਲਦੀਪ ਸਿੰਘ, ਕੁਲਵੰਤ ਸਿੰਘ ਗੁਰਬਖਸ਼ ਸਿੰਘ ਅਤੇ ਹੋਰ ੧੦ ਸਿੰਘ ਬੰਗਲੌਰ | ੪੯੯-੦ |
| ਅਖੰਡ ਕੀਰਤਨੀ ਜੱਥਾ ਫੀਰੋਜ਼ਪੁਰ | ੨੦੦-੦ |
| ਸ: ਰਣਜੀਤ ਸਿੰਘ ਜੀ ਚੰਡੀਗੜ੍ਹ | ੧੦੦-੦ |
| ਸ: ਹਰਮੇਲ ਸਿੰਘ I. N. ਕੋਲਾਬਾ ਬੰਬੇ | ੨੫-੦ |
| ਸ: ਜਸਵਿੰਦਰ ਸਿੰਘ I. N. ਬੰਬੇ | ੫੦-੦ |
| ਸ. ਗੁਰਬਖਸ਼ ਸਿੰਘ ਜੀ ਨਵਾਂ ਨੰਗਲ | ੫੧-੦ |
| ਸ: ਅਜੀਤ ਸਿੰਘ ਜੀ, ਬਿਲਾਸਪੁਰ (ਫਰੀਦਕੋਟ) | ੩੧-੦ |
| ਰੀਫਾਇਨਰੀ ਗੁਰਪੁਰਬ ਕਮੇਟੀ ਗੁਜਰਾਤ | ੨੫੦-੦ |
| ਸ: ਭੂਪਿੰਦਰ ਸਿੰਘ ਜੀ ਦਿਲੀ–੫੨ | ੯੭-੦ |
| ਅਖੰਡ ਕੀਰਤਨੀ ਜਥਾ ਭੂਪਾਲ | ੧੨੫-੦ |
| ਅਖੰਡ ਕੀਰਤਨੀ ਜਥਾ ਜੈਪੁਰ | ੭੦੧-੦ |
| ਸ: ਹਰਬੰਸ ਸਿੰਘ ਜੀ ਭਿਲਾਈ | ੨੫-੨੫ |
| ਸ: ਨਰਿੰਦਰਜੀਤ ਸਿੰਘ ਰੇਖੀ ਮਤਕੂਰੀਆ ਧਨਬਾਦ | ੨੫-੦ |
| ਮਾ: ਕਸ਼ਮੀਰਾ ਸਿੰਘ ਜੀ ਬਰਨ ਫਗਵਾੜਾ | ੫੦-੦ |
| ਅਖੰਡ ਕੀਰਤਨੀ ਜਥਾ ਯੂ. ਕੇ. ਰਜਿਸਟ੍ਰਡ ੧੪੦੦ ਪੌਂਡ ਕੈਸ਼ ਹੋ ਕੇ | ੨੧੮੧੯-੧ |
| ਸ੍ਰੀ ਗੁਰੂ ਨਾਨਕ ਸਤਸੰਗ ਸਭਾ ਸਿੰਘਾਪੁਰ | ੧੫੩- |
| ਗੁਰੂ ਨਾਨਕ ਸਿੰਘ ਸਭਾ ਡਡਲੀ | ੩੮੫੯-੯ |
| ਸ: ਮਨਜੀਤ ਸਿੰਘ ਜੀ, ਨਵੀਂ ਦਿਲੀ | ੫੦-੦ |
| Sh. Kishore G. Pahilajani ਤੇ ਤਿੰਨ ਹੋਰ ਪ੍ਰੇਮੀ | ੬੬-੦ |
| ਸ: ਹਿੰਮਤ ਸਿੰਘ ਜੀ 104 A.D. Regt 56 APO | ੧੦੧-੦ |
| ਸੰਗਤ ਗੁਰਦੁਆਰਾ ਮੁਖਣ ਸ਼ਾਹ ਲੁਬਾਣਾ, ਬਠਿੰਡਾ | ੫੦੦-੦ |
| ਬੀਬੀ ਸੁਖਦੀਪ ਕੌਰ, ਭੈਰਾ (ਊਨਾ) | ੫੧-੨੫ |
| ਪੰਜੀ ਰੁਪਏ ਤੋਂ ਘਟ ਵਾਲੀਆਂ ਰਕਮਾਂ | ੭੧ |
| ਜੋੜ | ੩੦੫੪੧ |
| ਪਿਛਲੀ ਬਾਕੀ | ੨੮੮੨- |
| ਸਾਰਾ ਜੋੜ | ੩੩੪੨੪- |

## ਖਰਚ

| | |
|---|---|
| ਡਾਕ ਖਰਚ ੨੭. ੧੧. ਤਕ | ੧੭-੦ |
| ਅਜੀਤ ਤੇ ਅਕਾਲੀ ਪਤ੍ਰਕਾ ਨਵੰਬਰ | ੨੧-੨੦ |
| ਸਿੰਘਣੀ ਸ਼ਹੀਦ ਕਸ਼ਮੀਰਾ ਸਿੰਘ ਕਾਨਪੁਰ ਨੂੰ ਸਵੈਟਰ ਮਸ਼ੀਨ | ੩੫੦੦-੦ |
| ਦਿਲੀ ਸ਼ਹੀਦਾਂ ਲਈ ਡਰਾਫਟ ਭਜ਼ਿਆ | ੧੦੦੦੦-੦ |
| ਡਾਕ ਖਰਚ ੨੩.੧੨. ਤਕ | ੩੦-੩੫ |
| ਫਟੜ ਭਾਈ ਹਰਨਾਮ ਸਿੰਘ ਜੀ ਭੂਰਾ ਕੋਨ੍ਹਾ | ੧੦੦੦-੦ |
| ਜੋੜ | ੧੪੫੬੮-੫ |

ਕੈਸ਼ ਹੋਣ ਵਾਲੇ ਚੈੱਕ ਡਰਾਫਟ ਆਦਿ
੧੦ ਡਾਲਰ ਕੈਨੇਡਾ, ਡਰਾਫਟ ਬੰਬੇ ਇਕ ਸੌ ਰੁਪਏ,
ਡਰਾਫਟ Farakka Barrage ਪੰਜ ਸੌ ਰੁਪਏ

| | |
|---|---|
| ਕੁਲ ਆਮਦਨ | ੩੩੪੨੪- |
| ਖਰਚ | ੧੪੫੬੮-੫ |
| ਬਾਕੀ | ੧੮੮੫੫- |

# ਜੀਵਨ ਚਰਿਤਰ ਭਾਈ ਸਾਹਿਬ ਰਣਧੀਰ ਸਿੰਘ ਜੀ

ਭਾਈ ਸਾਹਿਬ ਰਣਧੀਰ ਸਿੰਘ ਜੀ ਦਾ ਸੰਪੂਰਨ, ਪਰ ਸੰਖੇਪ ਜੀਵਨ, ਭਾਈ ਸਾਹਿਬ ਜੀ ਲਿਖਤ ਪੁਸਤਕਾਂ ਤੇ ਅਧਾਰਤ ਇਸ ਪੁਸਤਕ ਵਿਚ ਦਰਜ ਹੈ। ਕਈ ਸਮਾਚਾਰ ਹੋਰ ਥਾਵਾਂ ਤੋਂ ਲਏ ਗਏ ਹਨ ਅਤੇ ਅਖੀਂ ਡਿਠੇ ਸੁਣੇ ਵਾਪਰੇ ਹਾਲਾਤ ਵੀ ਸ਼ਾਮਲ ਕੀਤੇ ਹਨ। ਬਹੁਤ ਹਦ ਤਕ ਭਾਈ ਸਾਹਿਬ ਦੀਆਂ ਪੁਸਤਕਾਂ ਦੀ ਸ਼ਬਦਾਵਲੀ ਵਰਤੀ ਗਈ ਹੈ। ਪੁਸਤਕ ਪੜ੍ਹ ਕੇ ਸਿਖੀ ਲਈ ਦ੍ਰਿੜ੍ਹ ਵਿਸ਼ਵਾਸ਼, ਸ੍ਵੈ-ਭਰੋਸਾ ਤੇ ਪ੍ਰਮਾਰਥ ਬੈਰਾਗ ਉਤਪੰਨ ਹੁੰਦਾ ਹੈ। ਸਫ਼ੇ ੧੨੦, ਭੇਟਾ ਕੇਵਲ ਇਕ ਰੁਪਿਆ। ਸਧਾਰਨ ਡਾਕ ਖਰਚ ਸਮੇਤ ਡੇਢ ਰੁਪਿਆ।

www.AKJ.Org

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਇਸ ਮਹੀਨੇ ਪਹਿਲੇ ਦਸ ਮੈਂਬਰਾਂ ਦੇ ਸੌ ਸੌ ਅਤੇ ਆਖ਼ਰੀ ਦੇ 650/- ਰੁਪਏ ਪੁਜੇ ਹਨ। ਸਭ ਦੇ ਨਾਵਾਂ ਦੀਆਂ ਐਫ ਡੀਆਂ ਬੈਂਕ ਵਿਚੋਂ ਹੇਠ ਲਿਖੇ ਨੰਬਰਾਂ ਅਨੁਸਾਰ ਬਣਵਾ ਲਈਆਂ ਗਈਆਂ ਹਨ—

| | | |
|---|---|---|
| 458. ਸ: ਦਰਸ਼ਨ ਸਿੰਘ ਪਟਿਆਲਾ | (ਚਿਟ ਨੰ: 3458)805404/1353/78 | ਮਿਤੀ 26. 11. 78 |
| 459. ਸ: ਇੰਦਰ ਸਿੰਘ ਨਵੀਂ ਦਿਲੀ | ( ,, 3459)805405/1354/78 | ,, |
| 460. ਸ: ਹਰਪਾਲ ਸਿੰਘ ਕੋਟਲਾ | ( ,, 3460)805406/1355/78 | ,, |
| 461. ਸ: ਅਮਰਜੀਤ ਸਿੰਘ ਖੁਰਾਣਾ ਜਲੰਧਰ | ( ,, 3461)805407/1356/78 | ,, |
| 462. ਸ: ਹਰਬੰਸ ਸਿੰਘ ਭਿਲਾਈ | ( ,, 3462)805408/1357/78 | ,, |
| 463. ਸ: ਮਹਿੰਦਰ ਸਿੰਘ ਨਵੀਂ ਦਿੱਲੀ | ( ,, 3463)805409/1358/78 | ,, |
| 464. ਬੀਬੀ ਧਰਮ ਕੌਰ ਨਵੀਂ ਦਿੱਲੀ | ( ,, 3464)805410/1359/78 | ,, |
| 465. ਸ: ਕੁਲਵਿੰਦਰ ਸਿੰਘ ਨਵੀਂ ਦਿੱਲੀ | ( ,, 3465)805411/1360/78 | ,, |
| 466. ਸ: ਭਗਤ ਸਿੰਘ ਦਿੱਲੀ | ( ,, 3466)805412/1361/78 | ,, |
| 467. ਸ: ਜੈਪਾਲ ਸਿੰਘ ਥਾਪਰ ਬੰਬਈ | ( ,, 3467)805413/1362/78 | ,, |
| 468. ਅਖੰਡ ਕੀਰਤਨੀ ਜੱਥਾ | ( ,, 2309)805414/1363/78 | ,, |

## ਗੁਰਮਤਿ ਪਰਚਾਰ ਲਈ ਟ੍ਰੈਕਟ

ਆਪੋ ਆਪਣੇ ਇਲਾਕੇ ਵਿਚ ਟ੍ਰੈਕਟ ਭਾਰੀ ਗਿਣਤੀ ਵਿਚ ਖ੍ਰੀਦ ਕੇ ਵੰਡੋ । ਇਨ੍ਹਾਂ ਦੀ ਭੇਟਾ ਲਾਗਤ ਮਾਤਰ ਹੈ।

***ਸ਼ਬਦ ਗੁਰ ਪੀਰਾ***—ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਟ੍ਰੈਕਟ ਵਿਚ ਨਿਰੂਪਣ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤਿ, ਕਲਾ ਸੰਪੰਨ ਸੱਚੇ ਗੁਰਦੇਵ ਹਨ, ਅੰਮ੍ਰਿਤ ਬਾਣੀ ਦੇ ਸਰਚਸ਼ਮੇ ਤੇ ਨਾਮ ਦੇ ਭੰਡਾਰੀ ਹਨ। ਸੱਚੇ ਗੁਰੂ ਦੀ ਪਛਾਣ ਦਸ ਕੇ ਅਤੇ ਕੱਚੇ ਗੁਰੂਆਂ ਦੇ ਪਾਜ ਫਰੋਲ ਕੇ ਨਿਰਣਾ ਕੀਤਾ ਹੈ ਕਿ ਸਗੁਰੇ ਹੋਣ ਦੀ ਜੁਗਤਿ ਅੰਮ੍ਰਿਤ ਮਰਯਾਦਾ ਵਿਚ ਹੀ ਹੈ। ਭੇਟਾ 40 ਪੈਸੇ

***ਗੁਰਮਤਿ ਅਨਹਦ ਸ਼ਬਦ***—ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਦੇ ਅਧਾਰ ਤੇ ਸੰਖੇਪ ਲੇਖ ਵਿਚ 'ਅਨਹਦ ਸ਼ਬਦ' ਦਾ ਗੁਰਮਤਿ ਨਿਰਣਾ ਹੈ। ਭੇਟਾ 25 ਪੈਸੇ

***ਵਾਹੁ ਵਾਹੁ ਬਾਣੀ ਨਿਰੰਕਾਰ ਹੈ***—ਨਕਲੀ ਨਿਰੰਕਾਰੀਆਂ ਦਾ ਪਾਜ ਉਘੇੜਨ ਸਬੰਧੀ ਇਕ ਸਵਾਦਲੀ ਵਾਰਤਾਲਾਪ। ਭੇਟਾ ਕੇਵਲ 15 ਪੈਸੇ

***ਗੁਰਸਿੱਖ ਰਹਿਣੀ***—ਗੁਰਸਿਖਾਂ ਲਈ ਜ਼ਰੂਰੀ ਰਹਿਤ ਬਹਿਤ ਅਤੇ ਕੇਸਾਂ ਲਈ ਛੋਟੀ ਦਸਤਾਰ ਦੀ ਰਹਿਤ ਬਾਰੇ ਦਲੀਲਾ ਭਰੇ ਵਿਚਾਰ ਦਿਤੇ ਗਏ ਹਨ। ਭੇਟਾ 40 ਪੈਸੇ

ਵੈਸਾਖੀ ਦਾ ਖ਼ੂਨੀ ਸਾਕਾ ਤੇ 13 ਸ਼ਹੀਦਾਂ ਦੇ ਜੀਵਨ ਸਚਿੱਤਰ ਭੇਟਾ 1-50 ਪੈਸੇ

## ਭਕੂ ਮਾਜਰਾ (ਰੋਪੜ) ਵਿਖੇ ਰੈਣ ਸਬਾਈ ਕੀਰਤਨ

ਸੂਬੇਦਾਰ ਪਿਆਰਾ ਸਿੰਘ ਜੀ ਇਤਲਾਹ ਦੇਂਦੇ ਹਨ ਕਿ ਪਿੰਡ ਭਕੂ ਮਾਜਰਾ ਵਿਖੇ 13 ਜਨਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸਿਖ ਪਰਵਾਰ ਧਾਹੀਆਂ ਕਰਕੇ ਪੁਜੋ ਜੀ ਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰੇ—ਨਿਰਬਾਣ ਕੀਰਤਨੀ ਜਥਾ, ਰੋਪੜ

www.AKJ.Org

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਵਲੋਂ ਪਿੰਡਾਂ ਵਿਚ
# ਗੁਰਮਤਿ ਪਰਚਾਰ ਅਤੇ ਅੰਮ੍ਰਿਤ ਸਿੰਚਾਰ

੧੯੭੮ ਦੇ ਵੈਸਾਖੀ ਦੇ ਸ਼ਹੀਦਾਂ ਦੇ ਸੰਗੀ-ਸਾਥੀ ਸੇਵਕਾਂ ਵਲੋਂ ਅਖੰਡ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਦੇ ਪ੍ਰੋਗਰਾਮ ਜਨਵਰੀ ੧੯੭੯ ਦੇ ਹੇਠ ਲਿਖੇ ਅਨੁਸਾਰ ਹੋਣਗੇ—

***ਜਨਵਰੀ*** ੨ ਤੋਂ ੫ ਸਿੰਘ ਸਭਾ ਮਾਡਲ ਟਾਊਨ ਲੁਧਿਆਣਾ ਅਵਤਾਰ ਗੁਰਪੁਰਬ ਪਾ: ੧੦, ੬ ਭੱਟੀਕੇ, ੭ ਬੁਲਾਰਾ, ੮ ਮਹਿਸਮਪੁਰ, ੯ ਤ੍ਰਸਿੱਕਾ (੬ ਤੋਂ ੯ ਚਾਰੇ ਪਿੰਡ ਮਹਿਤਾ ਜ਼ਿਲਾ ਅੰਮ੍ਰਿਤਸਰ ਲਾਗੇ), ੧੦ ਤੋਂ ੧੪ ਰੰਧਾਵਾ ਮਸੰਦਾ (ਮੰਨਣਾਂ ਲਾਗੇ ਜ਼ਿਲਾ ਜਲਧਰ) ਸ੍ਰੀ ਅਖੰਡ ਪਾਠ, ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ, ੧੫ ਗੁਰਦਵਾਰਾ ਬੀ. ਐਸ. ਐਫ. ਅਜਨਾਲਾ, ੧੬ ਉਮਰ ਪੁਰਾ ਜ਼ਿਲਾ ਅੰਮ੍ਰਿਤਸਰ (ਅਜਨਾਲਾ-ਚੁਗਾਵਾਂ ਰੋਡ), ੧੭ ਖਜਾਲਾ (ਅੰਮ੍ਰਿਤਸਰ), ੧੮ ਬੋਲੇਵਾਲ (ਸ੍ਰੀ ਹਰਿਗੋਬਿੰਦਪੁਰ ਰੋਡ), ੧੯ ਤਲਵੰਡੀ ਭਿੰਡਰਾਂ (ਗੁਰਦਾਸਪੁਰ), ੨੦ ਰੈਣ ਸਬਾਈ ਗੁਰਦਵਾਰਾ ਰਾਮਸਰ ਸਾਹਮਣੇ ਸ਼ਹੀਦ ਸਿੰਘਾਂ ਦੇ ਅਸਥਾਨ ਤੇ, ੨੧ ਗੁ: ਦਮਦਮਾ ਸਾਹਿਬ ਸ੍ਰੀ ਹਰਿਗੋਬਿੰਦ ਪੁਰ, ੨੨ ਠਕੁਰਵਾਲ (ਸ੍ਰੀ ਹਰਿਗੋਬਿੰਦਪੁਰ ਰੋਡ), ੨੩ ਸ਼ੀਂਹ ਭੱਟੀ (ਘੋੜੇਵਾਹ ਲਾਗੇ), ੨੪ ਭੁੰਬਲੀ (ਗੁਰਦਾਸਪੁਰ) ੨੫ ਤੋਂ ੨੮ ਅਖੰਡਪਾਠ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ ਬਟਾਲਾ (ਪੁਛ ਗਿਛ ਅਮਰਜੀਤ ਸਿੰਘ ਲਾਈਨ ਸੁਪ੍ਰੰਟੰਡੰਟ ਲੰਬੀ ਗਲੀ ਸਿੰਬਲ ਬਟਾਲਾ), ੩੦ ਗਾਲੜੀ (ਗੁਰਦਾਸਪੁਰ), ੩੧ ਹਮਰਾਜਪੁਰ (ਗੁਰਦਾਸਪੁਰ)।

ਨੋਟ —ਪ੍ਰੋਗਰਾਮ ਵਿਚ ਲੋੜ ਮੁਜਬ ਤਬਦੀਲੀ ਹੋ ਸਕਦੀ ਹੈ। ਪਿੰਡਾਂ ਵਿਚ ਸ਼ਾਮ ਦੇ ਪ੍ਰੋਗਰਾਮ ੭ ਤੋਂ ੧੦ ਅਤੇ ਸਵੇਰ ਦੇ ੫ ਤੋਂ ਸਾਢੇ ੮ ਹੋਣਗੇ। ਆਮ ਤੌਰ ਤੇ ਪ੍ਰੋਗਰਾਮ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ। ਜਥਾ ਸ਼ਾਮ ਤਕ ਸੰਬੰਧਤ ਪਿੰਡ ਵਿਚ ਪੁਜ ਜਾਇਆ ਕਰੇਗਾ। ਜਥਾ ਗੁਰਦਵਾਰੇ ਵਿਚ ਪਈਆਂ ਬਿਰਧ ਬੀੜਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਯੋਗ ਪ੍ਰਬੰਧ ਕਰੇਗਾ।

ਪੁਛ-ਗਿਛ—(੧) ਮਾ: ਨਿਰੰਜਨ ਸਿੰਘ ਜੀ, ਮੇਹਰ ਚੰਦ ਰੋਡ, ਗੁਰਦਾਸਪੁਰ,
(੨) ਬੀਬੀ ਅਮਰਜੀਤ ਕੌਰ ਜੀ ਤੇ (੩) ਮਾ: ਜਸਵੰਤ ਸਿੰਘ ਜੀ ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ।

ਸੰਗਤਾ ਦਾ ਦਾਸ —ਜਥੇਦਾਰ ਅਖੰਡ ਕੀਰਤਨੀ ਜਥਾ (ਚਲਦਾ ਵਹੀਰ), ਸ੍ਰੀ ਅੰਮ੍ਰਿਤਸਰ

## 'ਸੂਰਾ' ਮਾਸਕ ਪੱਤਰ ਦੇ ਪਾਠਕਾਂ ਪ੍ਰਤੀ ਬੇਨਤੀਆਂ

੧. ਚੰਦਾ ਖ਼ਤਮ ਹੋਣ ਦੀ ਮੋਹਰ ਜਿਸ ਮਹੀਨੇ ਪਰਚੇ ਤੇ ਲਗੀ ਹੋਈ ਪੁਜੇ, ਓਸੇ ਮਹੀਨੇ ਹੀ ਆਪਣਾ ਚੰਦਾ ਭੇਜੋ ਜੀ।

੨. ਰਕਮ ਤੇ ਚਿੱਠੀ ਭੇਜਣ ਲਗਿਆਂ ਆਪਣਾ ਚਿਟ ਨੰਬਰ ਜ਼ਰੂਰ ਲਿਖੋ ਜੀ। ਹਰ ਮਹੀਨੇ ਐਡਰੈਸ ਦੇ ਨਾਲ ਤੁਹਾਡਾ ਚਿਟ ਨੰਬਰ ਅਸੀਂ ਲਿਖਦੇ ਹਾਂ।

੩. ਸਭ ਸਜਣਾਂ ਨੂੰ ਹਰ ਮਹੀਨੇ ਪਰਚੇ, ਐਡਰੈਸ ਚੈਕ ਕਰਕੇ ਭੇਜਦੇ ਹਾਂ। ਜੇ ਕਿਸੇ ਦਾ ਪਰਚਾ ਰਾਹ ਵਿਚ ਗੁੰਮ ਹੋ ਜਾਵੇ ਤਾਂ ਉਸੇ ਮਹੀਨੇ ਦੇ ਅਧ ਤਕ ਸਾਨੂੰ ਇਤਲਾਹ ਦੇਵੋ। ਅਸੀਂ ਹੋਰ ਭੇਜ ਦਿਆਂਗੇ।

## ਜੇਲ੍ਹ ਚਿੱਠੀਆਂ ਪੁਸਤਕ ਛਪ ਗਈ

ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਪਰਸਿਧ ਪੁਸਤਕ 'ਜੇਲ੍ਹ ਚਿੱਠੀਆਂ' ਮੁਕੰਮਲ ਨਵੀਂ ਤਰਤੀਬ ਵਿਚ ਛਪ ਗਈ ਹੈ। ਵਡੇ ਅਕਾਰ ਤੇ ਸੁੰਦਰ ਛਪਾਈ ਅਤੇ ਵਧੀਆ ਜਿਲਦ ਸਮੇਤ ਭੇਟਾ ਲਾਗਤ ਮਾਤਰ ੧੨-੫੦,

ਡਾਕ ਖਰਚ ਸਮੇਤ ੧੬-੦੦

ਭਾਈ ਸਾਹਿਬ ਰਚਿਤ ਗੁਰਮਤਿ ਲੇਖਾਂ ਦੀਆਂ ਚਾਰੇ ਪੁਸਤਕਾਂ ਨਵੀਂ ਤਰਤੀਬ ਵਿਚ ਤਿਆਰ ਹਨ—
ਗੁਰਮਤਿ ਪ੍ਰਕਾਸ਼ ੩-੭੫, ਗੁਰਮਤਿ ਲੇਖ ੫-੫੦, ਗੁਰਮਤਿ ਵਿਚਾਰ ੫-੫੦, 'ਨਾਮ' ਤੇ ਨਾਮ ਦਾ ਦਾਤਾ ਸਤਿਗੁਰੂ ੫-੫੦

**ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ**

www.AKJ.Org